# ਵੰਡਨਾਮਾ

ਹਰਵਿੰਦਰ ਸਿੰਘ ਭੱਟੀ



# Vandnama

Harvinder Singh Bhatti

Sri Satguru Jagjit Singh Ji eLibrary NamdhariElibrary@gmail.com



Dr Harvinder Singh Bhatti, retired as Professor from Department of Sociology, P. U. Patiala. His Areas of interest include Punjabi Culture, Religion and Spirituality.

ਵੰਡਨਾਮਾ ਨਵੇਂ ਗੁਰਮੁਖੀ ਤੇ ਸ਼ਾਹਮੁਖੀ ਰੂਪ ਵਿੱਚ ਆਪਦੇ ਸਨਮੁਖ ਹੈ। ਇਹ ਦੇਸ਼ ਅਤੇ ਪੰਜਾਬ ਦੀ ਵੰਡ ਦੇ ਦਰਦ ਦਾ ਦਸਤਾਵੇਜ਼ ਹੈ। ਵੰਡ ਜਿਸਨੇ ਬਾਹਰ ਧਰਤੀ, ਅਸਮਾਨ, ਪੌਣ-ਪਾਣੀ ਤੇ ਅੰਦਰ ਦਿਲਾਂ, ਮਨਾਂ ਤੇ ਰੂਹਾਂ ਵਿੱਚ ਵੰਡ ਪਾਈ, ਬੜੀ ਬੇਤਰਸ, ਬੇਵਕਤ ਤੇ ਬੇਲੋੜੀ ਸੀ। ਇਹਦਾ ਜ਼ਖ਼ਮ ਤੇ ਦਰਦ ਬਹੁਤ ਗਹਿਰਾ ਸਾਡੇ ਸਭ ਦੇ ਅੰਦਰ ਹੈ। ਸਬੱਬ ਨਾਲ ਇਹ ਮੇਰੇ ਰਾਹੀਂ ਸ਼ਬਦਾਂ ਦੇ ਰੂਪ ਵਿੱਚ ਉਤਰ ਆਇਆ ਹੈ।

ਇਨਸਾਨੀ ਮਨ, ਨੇਹਰ ਤੇ ਨੂਰ ਵਿੱਚ ਆਦਿ ਕਾਲ ਤੋਂ ਵੰਡਿਆ ਰਿਹਾ ਹੈ। ਇਹ ਵੰਡ ਖ਼ੁਦੀ ਤੇ ਖ਼ੁਦਾ ਦੀ ਹੈ। ਇਹ ਬੰਦਿਆਂ ਦੀ, ਕੌਮਾਂ ਦੀ, ਧਰਮਾਂ ਦੀ, ਦੇਸ਼ਾਂ ਦੀ ਸ਼ਕਲ ਧਾਰਕੇ ਖ਼ੁਦ ਤੇ ਖ਼ੁਦਾ ਨੂੰ ਵੰਡ ਲੈਂਦੀ ਹੈ। ਪਰ ਇਹ ਵੀ ਸੱਚ ਹੈ ਕਿ ਨਫਰਤ ਦੀ ਮੁਹੱਬਤ ਨਾਲੋਂ, ਜੰਗ ਦੀ ਅਮਨ ਨਾਲੋਂ ਤੇ ਵੰਡ ਦੀ ਏਕਤਾ ਨਾਲੋਂ, ਹਮੇਸ਼ਾ ਉਮਰ ਛੋਟੀ ਹੁੰਦੀ ਹੈ, ਬਸ਼ਰਤੇ ਕਿ ਅਸੀਂ ਮੁਹੱਬਤ, ਅਮਨ ਤੇ ਏਕਤਾ ਨੂੰ ਦਿਲ 'ਚ ਵਸਾਈ ਰੱਖੀਏ।

ਮਨਾਂ ਨੂੰ ਵੰਡਣ ਵਾਲੇ ਨੇਹਰ ਨੂੰ ਆਪਣੇ ਰੂਹਾਨੀ ਨੂਰ ਦੇ ਰੂਬਰੂ ਕਰਨਾ ਬਹੁਤ ਜ਼ਰੂਰੀ ਹੈ। ਆਪਜੀ ਦੇ ਸਨਮੁਖ ਜੋ ਹੈ ਇਸਤਰਾਂ ਦੀ ਇੱਕ ਨਿਮਾਣੀ ਕੋਸ਼ਿਸ਼ ਹੈ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵੰਡਨਾਮਾ

ਹਰਵਿੰਦਰ ਸਿੰਘ ਭੱਟੀ

# Vandnama

## A Narrative of Partition of Punjab

***Harvinder Singh Bhatti***

***Translated into English by***

**Prof. Kumool Abbi**

Sri Satguru Jagjit Singh Ji eLibrary NamdhariElibrary@gmail.com

**VANDNAMA**

**Harvinder Singh Bhatti**
328, Phase - III, Urban Estate, Patiala
Mo.: 98152-49886
hsbhatti@gmail.com

2022
© Harvinder Singh Bhatti

**ISBN:** 978-93-5205-721-4

**Translated by:** Prof. Kumool Abbi

**Cover Painting :** Satish Gujral
**Design :** Swarnjit Savi

Published, printed & bound
by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429

*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

Sri Satguru Jagjit Singh Ji eLibrary NamdhariElibrary@gmail.com

Dedicated

to

The innocent and blameless people
who became the victims of the partition of 1947

ਸਮਰਪਣ

1947 ਦੀ ਵੰਡ ਦਾ ਸ਼ਿਕਾਰ ਹੋਏ
ਮਾਸੂਮ ਅਤੇ ਬੇਕਸੂਰ ਲੋਕਾਂ ਦੇ ਨਾਂ

Sri Satguru Jagjit Singh Ji eLibrary NamdhariElibrary@gmail.com

# VANDNAMA IN NEW FORM

This book Vandnama was earlier published in 2015.After its publication I realized that how deeply the pain and suffering of partition of 1947 is embedded in Punjabi consciousness. Wherever the book went it created a bond of common heritage of suffering and pain with the readers. For a long time,almost everyday, numerous persons came to meet, there were phone calls, number of persons from younger generations, narrated the tales of suffering, victimization, deprivation, struggle and resettlement,which were narrated to them by the older generation of first hand victims.Stories which travelled from heart to heart were extremely horrific and painful. To the extent I started feeling that I have unconsciously touched the raw nerves and the unhealed wounds.But after interacting with number of readers who were actual sufferers, I found that it has the healing effect. I believe that suffering cannot be wished away by suppressing it, it takes news forms. But if we consciously come face to face with suffering, it humanizes and spiritualizes.

The academic response to Vandnama was very encouraging,It was selected for Waris Shah Purskar of year 2017. Numerous literary organizations like Kendri Lekhak Sabha (Sekhon), Punjabi Academy Delhi, Malwa Research Centre and Jago International ,organized seminars and discussions. Magazine,'JagoInternational'published it for its wider circulation among their readers. All credit for these efforts goes to Dr. Bhagwant Singh, Chief Editor of this magazine.The' Daily Punjab Times' serialized its publication, Dr. Baljit Singh Brar, the Chief Editor took special interest for the wider circulation of the book. I am grateful for his efforts. There were numerous research papers, articles and reviews published by a number of scholars in various journals, magazines and news papers. Its not possible to mention all the names.I am extremely thankful to all of them.

There was a suggestion from Prof. H. S. Gill, a linguist of international repute, that it should be published in Shahmukhi script, because large number of Punjabis especially those who live in Pakistan or other countries do not know Gurmukhi script. He not only suggested but generously transcribed it in Shahmukhi script. I am extremely grateful for this contribution.

Shahmukhi version of Vandnama was published in 2018 and released in a special function organized by Punjabi Academy Delhi at Bhai Veer Singh Sahit Sadan. During the proceedings Dr. Kumool Abbi, Professor and Head of Department of Sociology, P.U. Chandigarh, presented a paper in which there were numerous stanzas translated into English. During discussion numerous scholars suggested that there should be an English translation of Vandnama for wider English readership and the new younger generations of Punjabi diaspora. A number of speakers requested Prof. Abbi to make an effort to translate it.

She accepted the request and sparing time from her extremely busy schedule, she translated it and painstakingly worked for its publication. My gratitude for this effort is beyond words.

Unistar books published this edition and earlier Shahmukhi edition of this book, Sh. Harish Jain and his team deserves special thanks for the present form of Vandnama in English.

**Harvinder Singh Bhatti**
June 2022

Sri Satguru Jagjit Singh Ji eLibrary NamdhariElibrary@gmail.com

# FOREWORD

## (Preface to the first edition)

This book was pulsating in my heart from a long time, the right time to write it had not come. Its foundation was laid down even before my birth. I was born seven years after the partition, which is commonly referred to as the 'year of attacks', if we add five years more it comes to twelve years when I grew up. From that time onwards this poem was evolving within me.

Almost one third of our village had gone to Pakistan after being displaced during attacks. Though all this had already happened, yet the displaced Muslims, *Bharaees, Gujjars* remained as a part of the consciousness of the village. In my childhood I listened so much about them that they became part my memory. The mango tree of Allu *Bharaee* and stories of Fakiriya *Gujjar* became part of the life of my senior generation and part of my consciousness. A small boy of *Bharaees* was left behind in the village. People changed his name to Nirmal Singh and when he grew up, he was married to a girl from a *Bharaee* family.

People would often narrate the horrible stories of 'attacks'. In a nearby village, Oorna some families came, who were displaced from Jhang area. Local people would refer to them as *Jhangees*. They were considered very aggressive. They had a dispute with local Sardar Baldev Singh. There were many clashes which resulted in murders on both sides. Local people had their sympathies with Baldev Singh. Ultimately *Jhangees* left that village and went somewhere else.

There were no displaced people in our village, who came from the other side, except one family who were called *Barias*. Even they had earlier gone to Baar area to acquire land, but soon they returned back to the village. They had nothing common with people who came from the other side after displacement.

There were many among our relatives, who came from Baar after displacement. I found lot of difference between them and other relatives. They were quite large hearted, affectionate, charming and fond of smartly dressing up, whereas the local relatives too were not bad but in comparison they seemed to me narrow minded, closed and cheerless.

When I started studying at Patiala, then I realized that there were quite a large number of people, who came from the other side after displacement. There was lot of difference among the locals and the ones who came from the other side as they were commonly called refugees/*Bhaus*. Because I was active in Punjab Student Union, so visiting their homes and interacting with them was quite natural. At surface level there was a lot of affection and brotherhood between people especially among the youth, but inside somewhere the local and refugee identities were maintained.

In Patiala till date the displaced migrant Khatri Sikhs are still called Bhapas. They have a

Sri Satguru Jagjit Singh Ji eLibrary NamdhariElibrary@gmail.com

different identity. The people who came from Bahawalpur got identified as *Bahawalpuri* or *Bhauwalpuri* a walpuri.

I felt that the people who came from the other side in comparison to the local people are more enterprising, ambitious, want to dominate in every situation, fond of smartly dressing up and have the tendency to usually move in groups. They are prone to excitement and fighting and have inclination towards intoxicants. At a deeper level they do not like the local people and local people also do not like them. Both sides have created jokes about each other but these are only shared in a very closed circle. Despite all this the mutual love and friendships are not influenced by these matters.

I do not know why I always liked the people who came from the other side. I found more zest and love for life among them. But slowly and gradually I also realized that some where in their collective consciousness there is fear, insecurity and an echo of historic injustice meted out to their elder ones. This influences their temperament. It seems that an alienation and a deeper pain resides in their soul permanently.

When I got married then I interacted with my wife's mother Sardarni Mohinder Kaur. She was walking tale of partition of Punjab. Her marriage took place in 1947. They came from Chak No.111 to Mithepur (Jallandhar) after displacement. In her mind the division of India and Pakistan became the division of maternal home and in-laws' home, which ultimately becomes division of heaven and hell. She etched out the pictures of their large tracts of land on our minds and made Chichawatni, Sahiwal and Lahore more endearing to us.

I would often think, what suddenly happened to our people in the summer of 1947. I could not find even a single one who would claim that it was right and we did right thing. Pakistani scholar, Mr. Ahmad Saleem told me that he had searched and interviewed such people those who had committed murders in 1947, according to him they were full of repentance.

I read a lot of literature related to partition. Stories, novels, memoirs and research articles have been written by a number of people but as Amrajeet Chandan has written that no larger poetic text has been written about the partition. Apart from the historic poem by Amrita Pritam and a poem by Ahmad Saleem there are just few writings here and there.

I had this feeling in my mind for a long time that something should be written about this unparalleled tragedy of the world, so that coming generations should become aware of it and understand the pain and suffering of the innocent people who were displaced, killed and died untimely deaths.

The problem was that firstly I was not a poet, secondly, I have always been reading Punjabi literature, I had a feeling and still have that our poetry is disconnected from the common people. We have abandoned traditional poetry and common people do not understand intellectual poetry.

It was also in my mind that something should be written in the language which people may

Sri Satguru Jagjit Singh Ji eLibrary NamdhariElibrary@gmail.com

understand. I got inspiration for this from the great Punjabi poet Shah Muhammad's Jangnama. I felt as he has written about the pain of Punjabis of loss of the kingdom and getting enslaved, in a folk idiom, in the same way the pain of the division and ruining of Punjab should be written in the same folk idiom.

After getting educated I became a Professor of University and came to be known as Dr. Harvinder Singh Bhatti. However, people of my village know me with my short name Binder and some old friends affectionately call me Binder Singh. So, I wrote by leaving aside the cloak of intellectualism just being as Binder Singh.Perhaps the simplicity has been maintained due to this.

Many friends have contributed in this whole effort, some have inspired knowingly as well as unknowingly. Among these some of the beloved friends who directly contributed need to be mentioned. Among these Dr. Bhagwant Singh, Prof. Sher Singh Dhillon and Daljit Singh Shahi read first draft, gave valuable suggestions and encouraged. I am extremely thankful to them.

Earlier it was planned that the publication should be in all four scripts (Gurmukhi, Shahmukhi, Roman and Devnagri) being used by Punjabis. It was prepared with the help of Prof. Gurpreet Singh Lehal, for this, thanks are due to Lehal Sahib. Later Swarnjit Savi suggested that first we should publish in Gurmukhi only but in an artistic manner, Savi Sahib not only advised but he significantly contributed to the present form of book. I am extremely grateful for this valuable help.

In my family I am thankful to my wife Dr. Rabinder Powar, Prof. and Head of English Department, who gave appropriate advice at every step and encouraged to complete the work.

This work is a tribute to the innocent people who suffered during the partition and is an attempt to salute and bowing to their capacity to rehabilitate after displacements.

**Harvinder Singh Bhatti**

December 2015

Sri Satguru Jagjit Singh Ji eLibrary NamdhariElibrary@gmail.com

# Vandnama: Translating Partition as Cultural Memory

Harvinder Singh Bhatti's Vandnama which is inspired in style and rendering from Shah Mohammad's Jang Nama, is a take on partition and its aftermath. Written with a flavor of the earth, it pulsates with the languages and dialects of the life world of rural Punjab, which has now changed forever. Bindar Singh the poet, who is renowned Professor of Sociology, at the Panjabi University Patiala, in a stroke spans across centuries and one is drawn into feeling the sorrow of the Anglo-Sikh war, the events leading to partition, the aftermath of partition. And yet this poem has a vast canvas which is filled with different colours, the present seeps in establishing its relevance: the Refugee crisis, forced migration, problems of Rohignyas, The Syrian crisis, the Hindus and Sikhs in Afghanistan metaphorically connect to Vandnama and its journey of loss and recovery.

The authors reason for writing this poem makes it distinctive. Vandnama is not a tale of the authors experience or suffering rather it emerged from what he observed about the people of Panjab and those around him. He tried to comprehend the impact of partition on lives which moved on, this includes his own people in the village. How they survived despite partition and how they tried to put partition behind them and how despite all their efforts the episode of Partition still continued in the consciousness of a child who grows up almost a decade after partition. He writes the long poem mourning the loss of Panjab and discuss the process of partition which is his unique contribution. Inspired in style and content from Shah Mohammad's Jangnama the poem reconstructs the division of Panjab. It focuses on the colossal damage partition inflicted on the fabric of Panjab which could never be the same again. The poet, explains his own position where he is placed. 'One third of our village was uprooted and left for Pakistan. Though all this had happened, uprooted Muslims, *Bharaees* and *Gujjars* were part of the village consciousness. In my childhood I heard their reference many times that they had become a part of my life. The mangoes from Alloo *Bharaee* tree, the stories of Faqiriya *Gujjar* were an essential part of the generation before me. One child of the *Bharaee* had stayed back in the village. People named him Nirmal Singh. After he got married he was married to a muslim *Bharaee* girl. The horrific tales of attacks during partition were usually narrated to us. In his neighbouring village Oorna some families uprooted from Jhang had come to reside. They were called *Jhangees*. They had a skermishs with a local Sardar Baldev Singh. The locals of the area sympathised with Baldev Singh, finally the *Jhangees* left that village and went somewhere else. He also elucidates on the reverse process of return. 'Their were some among our relatives who had come back uprooted from the Baar. I always felt a difference between them and other relatives. They were large hearted, lively, and liked to dress well, while in comparison I felt my local relatives to be small hearted, squeezed up and dull'. As the author grew up he became aware of the cultural difference between local and `those' people from there, either *Refugees* or *Bhaus* had a lot of differences among them.' As he matures and becomes

Sri Satguru Jagjit Singh Ji eLibrary NamdhariElibrary@gmail.com

involved in student activities, he realises a sharp divide between the `identity of the, *Desi* and the *Refugee*'.He explains'In Patiala City, those Sikh Khatris who have been uprooted from `there' are called *Bhapas,* they have a distinct identity. People from, Bahawalpur are known as Bahawalpuri or Bhauwalpuri. I began to realise that people from there as compared to the locals were were much more hardworking, wanting to move ahead, enterprising, liked to dress well, dominate and tried to remain together in a group. They had a tendency to get provoked quickly, to fight a bit and had a slant towards intoxicants. Within their hearts, they did not approved of the *Desis* and the *Desis* too disapproved of them from within. Both groups had countless jokes about each other which were usually shared in close groups. But still in friendship bonds, these things do not play such an active role. I do not know why but I always preferred people from 'there'. I always admired their zest for life and tendency to love life. But I gradually also realised that somewhere in their collective consciousness was engrained a sense of fear, insecurity and an echo of the historical injustice meted out to their elders, that left its effect on their temperament. An undefined, deep pain now resides in them.' The second important point arises in relation to the author was that 'I often thought to myself, after all what happened to the people of Panjab in the summer of 1947. Till now I have never met anyone who said 'whatever happened was right or we did the right thing'.

The poem graphically looks at how partition as cultural memory remains embedded in Punjabi consciousness. Translating this poem of epic proportions required doing justice to the rich language which keeps on changing with the periods of time being considered. The movement from west to east Punjab, to capture the flavour and spirit of the Punjabi language and more specifically of the region specific dialect in which it has been written as a recollection. The most distinct part is the way the continuity between the past, present and future is created by the use of language. It is here that translating Vandnama became a challenging task. Lastly of course, is to capture the pulse of the common people their hopes, agony, joys, sorrow and reconciliation to a completely changed situation and bringing out that intensity in English, which hopefully would do a true justice to the English translation of Vandnama.

**Prof. Kumool Abbi**
Department of Sociology
Panjab University, Chandigarh - 14
abbikumool@gmail.com

Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

# 1 ਸਿਫ਼ਤ ਸਲਾਹ

1 ਪਹਿਲਾਂ ਰੱਬ ਨੂੰ ਮੱਥਾ ਟੇਕੀਏ ਜੀ
ਜਿਹੜਾ ਖੇਲ੍ਹ ਅਵੱਲੜੇ ਖੇਲ੍ਹਦਾ ਜੀ।
ਕੱਠੇ ਬੈਠਿਆਂ ਨੂੰ ਆਪ ਜੁਦਾ ਕਰਕੇ
ਫੇਰ ਮੇਲ਼ ਅਚਾਨਕੀ ਮੇਲ਼ਦਾ ਜੀ।
ਜੀ ਕਰੇ ਤਾਂ ਚੱਕ ਅਸਮਾਨ ਚਾੜ੍ਹੇ
ਜੀ ਕਰੇ ਸਮੁੰਦਰੀ ਠੇਲ੍ਹਦਾ ਜੀ।
ਉਹਦੇ ਹੁਕਮ ਬਿਨਾਂ ਪੱਤਾ ਝੁੱਲਦਾ ਨਈਂ
ਬੇਲਣ ਆਪੇ ਉਹ ਸਾਰੇ ਬੇਲਦਾ ਜੀ।

## 1 The Praise

First let us bow before the God,
Who plays weird games.
He separates those sitting together,
Then suddenly reunites them.
If he wills, exalts one high in the sky,
If he wishes, makes one plunge in the sea.
Nothing moves without his will,
He rolls all the rollers by himself.

2 ਗੱਲ ਜੱਗ ਜਹਾਨ ਦੀ ਕਰਨ ਲੱਗੇ
ਸੱਚੇ ਸ਼ਬਦ ਦਾ ਸਦਾ ਧਿਆਨ ਕਰੀਏ।
ਅੱਖੀਂ ਦੇਖਿਆ ਸੁਣਿਆ ਪਰਖਿਆ ਸਭ
ਪੜ੍ਹਿਆ ਗੁੜ੍ਹਿਆ, ਕੱਠਾ ਗਿਆਨ ਕਰੀਏ।
ਕਰਕੇ ਮਨ ਦੇ ਨਾਲੋਂ ਮੱਤ ਉੱਚੀ
ਸੱਚੇ ਦਿਲੋਂ ਸੱਚੋ ਸੱਚ ਬਿਆਨ ਕਰੀਏ।
ਬਿੰਦਰ ਸਿਆਂ ਕਦੇ ਆਪਣੀ ਅਕਲ ਉੱਤੇ
ਰੱਬ ਭੁੱਲ ਕੇ ਨਾ ਗੁਮਾਨ ਕਰੀਏ।

When talking about the matters of world,
one should contemplate on true word.
Accumulate all seen, heard, tested,
read and understood knowledge.
Keeping wisdom higher than mind,
one should describe the truth with pure heart.
Binder Singh never be proud of your intellect,
forgetting the god.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

3 ਮਹਿਲ ਨੂਰ ਦਾ ਇੱਕ ਤਿਆਰ ਕਰਕੇ
ਸ਼ੁਰੂ ਰੱਬ ਨੇ ਕਾਰੋਬਾਰ ਕੀਤਾ।
ਉੱਤੇ ਅੰਬਰ ਤੇ ਥੱਲੇ ਪਾਤਾਲ ਧਰਤੀ
ਸਾਰੇ ਜੀਆਂ ਲਈ ਘਰ ਬਾਰ ਕੀਤਾ।
ਪਰਬਤ ਜੰਗਲ ਸਮੁੰਦਰ ਨਦੀ ਨਾਲ਼ੇ
ਮਾਰੂਥਲ, ਮੈਦਾਨ ਤਿਆਰ ਕੀਤਾ।
ਬਿੰਦਰ ਸਿਆਂ ਪਸ਼ੂ ਪੰਛੀ ਵੇਲ ਬੂਟੇ
ਰੰਗ ਰੂਪ ਨਾਲ਼ ਭਾਉਂਦਾ ਆਕਾਰ ਕੀਤਾ।

Creating a radiant palace,
God started its work.
The sky above and the earth below,
created homes for all beings.
Created the field with mountains, forests, seas,
rivers, rivulets and deserts,.
Bindar Singh animals, birds, plants, creepers,
were all given shapes matching form and color.

4 ਚਾਦਰ ਪੂਰੀ ਵਿਛਾ ਸਮੁੰਦਰਾਂ ਦੀ
ਵਿਚ ਟਾਪੂ ਤੇ ਵੱਖਰੇ ਦੇਸ਼ ਕੀਤੇ।
ਵੱਖੋ ਵੱਖਰੇ ਬੋਲ ਤੇ ਰਹਿਣ ਸਹਿਣੀ
ਵੱਖੋ ਵੱਖਰੇ ਰਾਜ ਨਰੇਸ਼ ਕੀਤੇ।
ਰੰਗ ਰੂਪ ਸੁਭਾਅ ਵੀ ਬਹੁਤ ਕੀਤੇ
ਕਈ ਸੂਰਮੇ ਸਖੀ ਦਰਵੇਸ਼ ਕੀਤੇ।
ਬਹੁਤੇ ਵਸਗੇ ਸਬਰ ਤੇ ਸ਼ੁਕਰ ਕਰਕੇ
ਬਿੰਦਰ ਸਿਆਂ ਕਈਆਂ ਬੜੇ ਕਲੇਸ਼ ਕੀਤੇ।

Fully spreading the sheet of seas,
created Islands and countries in between.
Created different languages and
cultures, created different rulers for different states.
Created numerous colors, forms and dispositions,
created many brave hearts and saints.
Many settled here with patience and gratitude,
Binder Singh some created many clashes.






Sri Satguru Jagjit Singh Ji eLibrary NamdhariElibrary@gmail.com

## 2 ਦੇਸ਼ ਪੰਜਾਬ

5 ਇੱਕ ਦੇਸ਼ ਦਾ ਨਾਮ ਪੰਜਾਬ ਧਰਿਆ
ਜਿਹਦੀ ਕਥਾ ਨਿਵੇਕਲੀ ਜੱਗ ਨਾਲ਼ੋਂ।
ਸੂਰਤ ਸੀਰਤ ਵਿਚ ਰਲ਼ੇ ਪੰਜ ਪਾਣੀ
ਚਾਲ ਢਾਲ ਹੈ ਵੱਖਰੀ ਵੱਗ ਨਾਲ਼ੋਂ।
ਮਿੱਠਾ ਮਾਖਿਉਂ ਵੱਧ ਪਿਆਰ ਜੀਹਦਾ
ਭੈੜਾ ਗ਼ੁੱਸਾ ਹੈ ਜਿਸ ਦਾ ਅੱਗ ਨਾਲ਼ੋਂ।
ਬਿੰਦਰ ਸਿਆਂ ਉਜਾੜਿਆਂ ਵੰਡੀਆਂ ਨੇ
ਇੱਥੇ ਨੀਰ ਵਿਛੋੜੇ ਝੱਗ ਨਾਲ਼ੋਂ।

## 2 Country of Punjab

One country was named Panjab
whose saga was different from the world.
The five rivers merged in the form and character,
their style and form is distinctive from the rest.
Whose love is sweeter than honey,
whose anger is worse than fire.
Bindar Singh, here divisions and displacements
have separated waters from foam.

6 ਜਦੋਂ ਦੇਸ਼ ਪੰਜਾਬ ਤਿਆਰ ਕੀਤਾ
ਸੋਚ ਸਮਝਕੇ ਬਹੁਤ ਪਰਮਾਤਮਾ ਨੇ।
ਪੰਜ ਤੱਤ, ਪੰਜ ਪਾਣੀ, ਪੰਜ ਪੀਰ ਕੀਤੇ
ਸਿਰਜੀਆਂ ਉੱਚੀਆਂ ਸੁੱਚੀਆਂ ਆਤਮਾ ਨੇ।
ਬੰਨ੍ਹ ਕਾਫ਼ਲੇ ਬਦੀਆਂ ਚਾੜ੍ਹੀਆਂ ਨੇ
ਅੱਗੋਂ ਨੇਕੀਆਂ ਕੀਤੀਆਂ ਹਾਤਮਾਂ ਨੇ।
ਬਿੰਦਰ ਸਿਆਂ ਲੱਖ ਖ਼ੁਸ਼ੀਆਂ ਹਾਸਿਆਂ ਦੇ
ਡੇਰਾ ਲਾਇਆ ਵਿਚਾਲ਼ੇ ਮਾਤਮਾਂ ਨੇ।

When God created the country of Panjab
with absolute wisdom.
Created five elements, five rivers,
and five Pirs, created high and pure souls.
Caravans of evil were let loose,
these were met with the generosity of good doers.
Bindar Singh between the mirth and laughter,
settled the mournings.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

7 ਨਾਰਦ ਰੱਬ ਨੂੰ ਆਣ ਸਵਾਲ ਕੀਤਾ
ਕੈਸੇ ਹੋਣਗੇ ਭਾਗ ਪੰਜਾਬੀਆਂ ਦੇ।
ਅੱਗੋਂ ਰੱਬ ਕਿਹਾ ਹੋਣਗੇ ਮਾਣ ਮੱਤੇ
ਮਾਲਕ ਸਿਫ਼ਤਾਂ ਬੇਹਿਸਾਬੀਆਂ ਦੇ।
ਈਨ ਕਿਸੇ ਦੀ ਮੰਨਣਗੇ ਬੜੀ ਔਖੀ
ਵਿਰਲੇ ਹੋਣਗੇ ਲੀਡਰ ਪੰਜਾਬੀਆਂ ਦੇ।
ਬਿੰਦਰ ਸਿਆਂ ਜਿੱਥੋਂ ਕੰਬਣ ਫ਼ਰਿਸ਼ਤੇ ਵੀ
ਪੱਲੇ ਫੜਨਗੇ ਉਨ੍ਹਾਂ ਖ਼ਰਾਬੀਆਂ ਦੇ।

Narad asked the God,
what will be the fate of Panjabis?
God said, they would be proud,
masters of in numerable qualities.
They would submit with great difficulty,
rare will be the leaders of Punjabis.
Bindar Singh where angels fear to tread,
Panjabis will indulge in such mis-adventures.

8 ਧਰਤੀ ਰਹੂਗੀ ਉਗਲ਼ਦੀ ਸਦਾ ਸੋਨਾ
ਜਿੱਥੇ ਡੁੱਲ੍ਹਣ ਪਸੀਨੇ ਕਿਰਤੀਆਂ ਦੇ।
ਰਿਸ਼ੀ ਮੁਨੀ ਤੇ ਹੋਰ, ਫ਼ਕੀਰ ਸਾਧੂ
ਸਦਾ ਰਹਿਣ ਵਾਲ਼ੇ ਵਿਚ ਸਿਮਰਤੀਆਂ ਦੇ।
ਧਰਮ ਕਰਮ ਦੇ ਪਹਿਰੇਦਾਰ ਪੱਕੇ
ਪਿਰਤਾਂ ਪਾਉਣਗੇ ਕਈ ਗਾਹੜੂ ਪਿਰਤੀਆਂ ਦੇ
ਬਿੰਦਰ ਸਿਆਂ ਬਾਹਲ਼ੇ ਨੇਹਰਾ ਢੋਣ ਵਾਲ਼ੇ
ਥੋੜ੍ਹੇ ਹੋਣਗੇ ਉੱਚੀਆਂ ਬਿਰਤੀਆਂ ਦੇ।

Earth will keep producing gold,
where sweat of workers spill.
There will be seers, ascetics, faqeers and saints,
who will always remain in meditations.
Many guarding the religion and virtues
and will establish traditions.
Binder Singh more will be the carriers of darkness,
only few having higher wisdom.





Sri Satguru Jagjit Singh Ji eLibrary NamdhariElibrary@gmail.com

9

ਚੰਗੀ ਗੱਲ ਨੂੰ ਫੜਨਗੇ ਬੜੀ ਔਖੀ
ਮਾਲਕ ਹੋਣਗੇ ਇਹ ਮਨਮਰਜ਼ੀਆਂ ਦੇ।
ਡੇਰਾ ਡਾਂਗ ਤੇ ਰੱਖਣਗੇ ਆਮ ਕਰਕੇ
ਲਾਗੂ ਹੋਣੇ ਨੀ ਅਰਜ਼ਾਂ ਅਰਜ਼ੀਆਂ ਦੇ।
ਪਾਰ ਲੰਘਣਗੇ ਸਦਾ ਨਿਸ਼ਕਾਮ ਹੋ ਕੇ
ਮਾਰੇ ਮਰਨਗੇ ਇਹ ਖ਼ੁਦਗ਼ਰਜ਼ੀਆਂ ਦੇ।
ਬਿੰਦਰ ਸਿਆਂ ਫਿਰ ਕਿਹੜਾ ਸੀਣ ਮਾਰੂ
ਕਾਟ ਸਮੇਂ ਨੇ ਪਾਉਣੀ ਵਾਂਗ ਦਰਜ਼ੀਆਂ ਦੇ।

Will accept goodness after great, effort,
they will remain self-willed.
Will usually adopt violent ways,
will not adopt to pleas and pleadings.
They will get across with selflessness,
will be ruined due to selfishness.
Binder Singh the who will sew,
when time will cut through like tailors?

10

ਅੰਦਰ ਖੋਜਣਾ ਜਦੋਂ ਇਹ ਛੱਡ ਬੈਠੇ
ਧੱਕੇ ਚੜ੍ਹਨਗੇ ਵੱਡੇ ਖਰੂਦੀਆਂ ਦੇ।
ਚੰਗੀ ਸੋਚ ਤੋਂ ਵਟਣਗੇ ਜਦੋਂ ਪਾਸਾ
ਹੱਲੇ ਹੋਣਗੇ ਸੋਚਾਂ ਬਰੂਦੀਆਂ ਦੇ।
ਮਾਰ ਕਾਟ ਤੇ ਵਿਚ ਉਜਾੜਿਆਂ ਦੇ
ਭਾਈ ਹੋਣਗੇ ਸਕੇ ਯਹੂਦੀਆਂ ਦੇ।
ਬਿੰਦਰ ਸਿਆਂ ਬਿਨ ਅਪਣਾ ਆਪ ਜਾਣੇ
ਬਸਤੇ ਫੋਲਣੇ ਕੀ ਕੌਮਾਂ ਦੂਜੀਆਂ ਦੇ।

When they will stop self-searching,
will be swayed by wild rioters.
When they will shun the right thinking,
will be attacked by toxic thoughts.
In massacres and ruinations,
they will equal with Jews.
Binder Singh without knowing ourselves,
why search the baggage of other nations.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

# 3 ਲਿਖਣ ਦਾ ਸਬੱਬ

11 ਛੋਟੀ ਹਰਿਉਂ ਛੋਟਾ ਜਿਹਾ ਪਿੰਡ ਮੇਰਾ
ਜਿਹੜਾ ਵੱਜੇ ਇਲਾਕਾ ਢਾਹਿਆਂ ਦਾ।
ਉੱਚੇ ਟਿੱਬਿਆਂ ਤੇ ਸੋਹਣੀ ਹਵਾ ਵਗਦੀ
ਖੇਤਾਂ ਵਿਚ ਵਾਸਾ ਤਿੱਤਰਾਂ ਸਾਹਿਆਂ ਦਾ।
ਰੂਹਾਂ ਸਾਂਭਣ ਸਮਾਧਾਂ ਗੁਰਦਵਾਰੇ
ਆਸਰਾ ਖੇਤੀਂ ਪੀਰਾਂ ਨਿਗਾਹਿਆਂ ਦਾ।
ਬਿੰਦਰ ਸਿਆਂ ਇਹ ਪੱਲਾ ਸਤਲੁਜ ਦਾ
ਬਣਿਆਂ ਵਤਨ ਲੋਕੀ ਬੇਪਰਵਾਹਿਆਂ ਦਾ।

## 3 The Cause of writing

Harion Khurd is my small village,
it is known as the area of undulated lands.
The pleasant wind blows on high sand dunes,
The partridges and rabbits dwell in the fields .
The souls are nurtured by the Samadhs and Gurdwaras,
the fields have the protection of the pirs, nigahas,
Binder Singh this edge of the Sutlej,
became the country of carefree people.

12 ਰਲ਼ ਮਿਲ਼ ਕੇ ਵੱਸਦੇ ਲੋਕ ਸਾਰੇ
ਅੱਧੋਂ ਵੱਧ ਸੀ ਮੁਸਲਮਾਨ ਰਹਿੰਦੇ।
ਜਿਹੜੇ ਤੁਰ ਗਏ ਡਰਦੇ ਹੱਲਿਆਂ ਤੋਂ
ਇਹ ਸੋਚ ਕੇ ਸਭ ਪਰੇਸ਼ਾਨ ਰਹਿੰਦੇ।
ਨਾਵਾਂ ਥਾਵਾਂ ਵਿਚ ਅਜੇ ਵੀ ਜ਼ਿਕਰ ਹੁੰਦਾ
ਵੱਸੋ ਅਜੇ ਵੀ ਉਹ ਵਿਚ ਧਿਆਨ ਰਹਿੰਦੇ।
ਬਿੰਦਰ ਸਿਆਂ ਜੋ ਉੱਜੜੇ ਏਸ ਵਤਨੋਂ
ਦੁਖੀ ਉਹ ਵੀ ਵਿਚ ਪਾਕਿਸਤਾਨ ਰਹਿੰਦੇ।

All were living together in harmony,
more than half were Muslims.
Those who left fearing attacks,
remaining think and worry about them.
Their names and places are still mentioned,
they still live in memories.
Binder Singh who were uprooted from this country,
they also remain unsettled in Pakistan.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

13 ਯਾਦਾਂ ਗਹਿਰੀਆਂ ਲੋਕਾਂ ਦੇ ਮਨਾਂ ਅੰਦਰ
ਜਿਹੜੇ ਪੱਕੇ ਸੀ ਗਾਹਕ ਮੁਹੱਬਤਾਂ ਦੇ।
ਸੋਚ ਸੋਚ ਕੇ ਬੋਲਣਾ ਸਿੱਖ ਬੈਠੇ
ਪਹਿਰੇਦਾਰ ਬੇਬਾਕ ਮੁਹੱਬਤਾਂ ਦੇ।
ਇੱਕੋ ਝਟਕੇ ਨਾਲ਼ ਚੂਰ ਚੂਰ ਹੋਏ
ਬਣੇ ਸਦੀਆਂ ਤੋਂ ਸਾਕ ਮੁਹੱਬਤਾਂ ਦੇ।
ਬਿੰਦਰ ਸਿਆਂ ਰੱਬ ਹੀ ਸੀ ਸਕਦੈ
ਦਾਮਨ ਹੋਣ ਜਦ ਚਾਕ ਮੁਹੱਬਤਾਂ ਦੇ।

Memories are deep in the hearts of people,
those who were true seekers of love.
Have accustomed to speak with caution,
who were the guardians of fearless love.
With one stroke broken into pieces,
the relations of love nurtured through the centuries
Binder Singh only God could sew together,
when the garments of love are torn apart.

14 ਇੱਕ ਰੋਜ਼ ਬਜ਼ੁਰਗ ਨੇ ਕਿਹਾ ਮੈਨੂੰ
ਰੋਲ਼ਿਆ ਵਖਤ ਨੇ ਜਿੰਦਾਂ ਨਿਮਾਣੀਆਂ ਨੂੰ।
ਫੱਟ ਲਾਉਣ ਨੂੰ ਨਵੇਂ ਤਿਆਰ ਫਿਰਦੇ
ਲੋਕੀ ਭੁੱਲ ਗਏ ਸੱਟਾਂ ਪੁਰਾਣੀਆਂ ਨੂੰ।
ਪੜ੍ਹਤੀ ਪੜ੍ਹ ਕੇ ਲੋਕਾਂ ਬੇਗਾਨਿਆਂ ਦੀ
ਸਮਝੂ ਕੌਣ ਇਹ ਦਰਦ ਕਹਾਣੀਆਂ ਨੂੰ।
ਬਿੰਦਰ ਸਿਆਂ ਤਸਵੀਰਾਂ ਨਕਸ਼ਿਆਂ ਤੇ
ਲੱਭਿਆ ਕਰਨਗੇ ਪੰਜਾਂ ਪਾਣੀਆਂ ਨੂੰ।

One day an old man said to me,
time has ruined the helpless people.
Getting ready to inflict new ones,
people have forgotten the old wounds.
Getting education of others,
who will understand these tragic stories.
Bindar Singh only in maps and pictures,
people would find the land of the five rivers.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

15 ਗੱਲ ਸੁਣਕੇ ਮਨ ਵਿਚ ਕਸਕ ਉੱਠੀ
ਇਹਨਾਂ ਦੁੱਖਾਂ ਦੀ ਗੱਲ ਸੁਣਾਊ ਕਿਹੜਾ।
ਗੀਤ ਗਾਉਣਗੇ ਲੋਕ ਸ਼ਿਕਾਰੀਆਂ ਦੇ
ਮਾਰੇ ਗਿਆਂ ਦਾ ਦਰਦ ਸੁਣਾਊ ਕਿਹੜਾ।
ਤਾਣੀ ਉਲਝਦੀ ਉਲਝਦੀ ਹੋਰ ਉਲਝੂ
ਤੰਦ ਫੜਕੇ ਇਹਨੂੰ ਸੁਲਝਾਊ ਕਿਹੜਾ।
ਬਿੰਦਰ ਸਿਆਂ ਦੁਖੜੇ ਗੁਜ਼ਰਿਆਂ ਦੇ
ਆਉਣ ਵਾਲ਼ਿਆਂ ਨੂੰ ਸਮਝਾਊ ਕਿਹੜਾ।

After listening to this,
I felt a twinge in my heart,
who will narrate these sufferings?
People will sing the praises of hunters,
who will narrate the pain of killed ones.
The web of the thread will get entangled more,
who will sort out the warp
Bindar Singh the pain of past,
who will explain to the coming generations.

16 ਮੈਨੂੰ ਆਉਂਦਾ ਨੀ ਸ਼ਾਇਰੀ ਦਾ ਵੱਲ ਕੋਈ
ਨਾ ਹੀ ਲਿਖਣ ਦਾ ਬਾਹਲ਼ਾ ਭੇਤ ਮੈਨੂੰ।
ਪੜ੍ਹ ਲਿਖ ਕੇ ਡਿਗਰੀਆਂ ਕਈ ਕਰੀਆਂ
ਪਰ ਰਹੇ ਸਦਾ ਬੁਲਾਉਂਦੇ ਖੇਤ ਮੈਨੂੰ।
ਜਦੋਂ ਪੜ੍ਹੇ ਸੁਣੇ ਦਰਦ ਬੇਗਾਨਿਆਂ ਦੇ
ਆਪਣੇ ਲੋਕਾਂ ਦਾ ਆਇਆ ਹੇਤ ਮੈਨੂੰ।
ਬਿੰਦਰ ਸਿਆਂ ਹੁਣ ਕਰ ਨਾ ਵਖਤ ਜਾਇਆ
ਹੋ ਗਈ ਪਹਿਲਾਂ ਈ ਬੜੀ ਪਛੇਤ ਮੈਨੂੰ।

I have no expertise in poetry,
nor do I know the secrets of writing.
I have acquired many degrees after studying,
but the fields have always been calling me.
When I read about the suffering of others,
I  felt about my own people.
Bindar Singh don't waste any more time,
you are already late.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 4 ਅੰਗਰੇਜ਼ਾਂ ਦੀ ਆਮਦ

## 4 The coming of English

17 ਦੁੱਖ ਪਹਿਲਾਂ ਈ ਪੰਜਾਬ ਦੇ ਬੜੇ ਭਾਰੀ
ਦੁੱਖ ਆਣ ਪਿਆ ਭਾਰਾ ਵੰਡੀਆਂ ਦਾ।
ਠਾਰਾਂ ਸੌ ਪੰਜਾਹ ਵਿਚ ਆਣ ਵੜਿਆ
ਇੱਥੇ ਬੜਾ ਸ਼ਿਕਾਰੀ ਮੰਡੀਆਂ ਦਾ।
ਬੁੱਧ ਐਸੀ ਉਸ ਫੇਰੀ ਪੰਜਾਬੀਆਂ ਦੀ
ਐਸਾ ਭੇੜ ਕਰਾਇਆ ਖੰਡੀਆਂ ਦਾ।
ਬਿੰਦਰ ਸਿਆਂ ਮਨੁੱਖਤਾ ਪਈ ਖਾਤੇ
ਰੌਲ਼ਾ ਰਹਿ ਗਿਆ ਝੰਡੇ ਤੇ ਝੰਡੀਆਂ ਦਾ।

Panjab had already suffered heavily,
it was again inflicted with the wound of divisions.
In eighteen fifties,
a big hunter of markets entered into it.
He misguided the Punjabis so much,
initiated a fratricide among the fighters.
Bindar Singh all humanness disappeared,
what was left was the fight for flags and banners.

18 ਕੀਤਾ ਜਦੋਂ ਅੰਗਰੇਜ਼ਾਂ ਨੇ ਆਣ ਕਬਜ਼ਾ
ਨਿੱਤ ਆਪਣਾ ਹੁਕਮ ਚਲਾਉਣ ਲੱਗੇ।
ਕਰਕੇ ਗਿਣਤੀਆਂ ਮਿਣਤੀਆਂ ਪੂਰੀਆਂ ਜੀ
ਪੇਚ ਆਪਣੀ ਅਕਲ ਦੇ ਪਾਉਣ ਲੱਗੇ।
ਨਵੇਂ ਪੋਚ ਵੱਲ ਸਾਰਾ ਧਿਆਨ ਕਰਕੇ
ਪੜ੍ਹਤੀ ਹੋਰ ਦੀ ਹੋਰ ਪੜ੍ਹਾਉਣ ਲੱਗੇ।
ਬਿੰਦਰ ਸਿਆਂ ਜੋ ਸਾਫ਼ ਸਵੱਛ ਪਾਣੀ
ਨਾਲ਼ ਜ਼ਹਿਰ ਦੇ ਨਿੱਤ ਗੰਧਲਾਉਣ ਲੱਗੇ।

When the British came and took control,
they began to issue their commands.
After completing all calculations,
they began to apply their cunning.
Concentrating on younger lot,
they began to teach devious things
Bindar Singh, the clean and pure clear water,
they began to pollute with poison.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

19 ਫ਼ਰਕ ਬੜੇ ਸੀ ਰਹਿਣੀਆਂ ਬਹਿਣੀਆਂ ਦੇ
ਪਹਿਲਾਂ ਨਹੀਂ ਸੀ ਵੈਰ ਵਿਰੋਧ ਹੋਏ।
ਬੜੇ ਆਏ ਸੀ ਧਾੜਵੀ ਦੂਰ ਦੂਰੋਂ
ਬੜਿਆਂ ਨਾਲ਼ ਸੀ ਟਾਕਰੇ ਜੋਧ ਹੋਏ।
ਰਹਿਤ ਬਹਿਤ ਦੇ ਨਹੀਂ ਸੀ ਪਏ ਰੌਲ਼ੇ
ਚੌਧਰ ਪਿੱਛੇ ਹੀ ਕਹਿਰ ਕਰੋਧ ਹੋਏ।
ਬਿੰਦਰ ਸਿਆਂ ਇਸ ਧਰਤ ਦੀ ਛੋਹ ਐਸੀ
ਪਾਪ ਬੜਿਆਂ ਦੇ ਇੱਥੇ ਸੋਧ ਹੋਏ।

There were always differences in ways of living
and bearing, but were no conflicts earlier.
Numerous invaders came from far off,
many were bravely encountered.
No ruckus was created about lifestyles,
the fights were for power only.
Bindar Singh it is the touch of this land,
that sins of many were cleansed here.

20 ਕਈ ਮੁੜ ਜਾਂਦੇ ਲੁੱਟ ਮਾਰ ਕਰਕੇ
ਕਈ ਵੱਸਦਿਆਂ ਵੱਸਦਿਆਂ ਵੱਸ ਜਾਂਦੇ।
ਕੁਝ ਆਪ ਸਮੇਂ ਦਾ ਗੇੜ ਪਾਕੇ
ਰਹਿਣੀ ਬਹਿਣੀ ਵਿਚ ਆਪੇ ਰਸ ਜਾਂਦੇ।
ਕਈ ਦੇਖ ਕੁਦਰਤ ਦੀਆਂ ਨੇਹਮਤਾਂ ਨੂੰ
ਦੂਰ ਦੂਰ ਤੱਕ ਗਾਉਂਦੇ ਜੱਸ ਜਾਂਦੇ।
ਬਿੰਦਰ ਸਿਆਂ ਉਹ ਸੁਰਗਾਂ ਨੂੰ ਭੁੱਲ ਜਾਂਦੇ
ਜਿਹੜੇ ਪੰਜਾਬ ਦੇ ਮੋਹ ਵਿਚ ਫਸ ਜਾਂਦੇ।

Many returned after killing and looting,
many stayed back and settled down.
While others with the passage of time,
would assimilate into culture.
Some seeing the boons of nature,
would go singing praises far and vide.
Bindar Singh they forget about heaven,
those who fall in love with Punjab.





Sri Satguru Jagjit Singh Ji eLibrary NamdhariElibrary@gmail.com

21 ਨਵੇਂ ਹਾਕਮਾਂ ਚ ਰੂਹ ਦਾ ਰੰਗ ਨਈਂ ਸੀ
ਇਹ ਜੰਮੇ ਸੀ ਖ਼ਰੀਦਦੇ ਵੇਚਦੇ ਜੀ।
ਬੜੇ ਮਾਹਿਰ ਸੀ ਗਿਣਤੀਆਂ ਮਿਣਤੀਆਂ ਦੇ
ਭੇਤ ਪਾਉਂਦੇ ਕੀ, ਦਿਲਾਂ ਦੇ ਪੇਚ ਦੇ ਜੀ।
ਕੱਟ ਵੱਢ ਕੇ ਸਭ ਕੁਛ ਸੂਤ ਕੀਤਾ
ਪੈਰ ਵੱਢ ਕੀਤੇ ਜੁੱਤੀ ਦੇ ਮੇਚਦੇ ਜੀ।
ਬਿੰਦਰ ਸਿਆਂ ਜੋ ਦਰਦ ਨਿਮਾਣਿਆਂ ਦੇ
ਜਾਣਨ ਕਿਵੇਂ ਗ਼ੁਲਾਮ ਉਚੇਚ ਦੇ ਜੀ।

The new rulers did not have the color of soul,
they were born for buying and selling.
They were experts at calculations
How would they find out mysteries of hearts?
They sorted matters by cutting and slashing,
they cut the feet to fit the shoe.
Bindar Singh how could the the pain of the meek ones,
would understand the slaves of etiquette.

22 ਪਹਿਲੀ ਧਰਮਾਂ ਦੀ ਪੜ੍ਹਤੀ ਬੰਦ ਕਰਕੇ
ਆਪਣੀ ਅਕਲ ਦੇ ਕੀਤੇ ਸਕੂਲ ਚਾਲੂ।
ਪਹਿਲੀਆਂ ਸਾਂਝਾਂ ਤੇ ਫ਼ਰਕਾਂ ਨੂੰ ਪਾ ਖਾਤੇ
ਨਵੀਆਂ ਕਦਰਾਂ ਤੇ ਕੀਤੇ  ਅਸੂਲ ਚਾਲੂ।
ਸਾਰੇ ਧਰਮਾਂ ਨੂੰ ਵੱਖੋ ਵੱਖ ਕਰਕੇ
ਹੌਲ਼ੀ ਹੌਲ਼ੀ ਕੀਤੀ ਦੇਣੀ ਤੂਲ ਚਾਲੂ।
ਬਿੰਦਰ ਸਿਆਂ ਪਾੜਿਆਂ ਨਫਰਤਾਂ ਤੇ
ਹੋਇਆ ਦੇਖੋ ਅੰਗਰੇਜ਼ ਦਾ ਰੂਲ ਚਾਲੂ।

They stopped the earlier religious education,
started the schools of their knowledge.
By ignoring the earlier unity and differences,
they introduced new norms and values.
Separating all religions
They gradually began to incite.
Bindar Singh look, on the basis of divisions and
hatred, began the British rule.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

23 ਸਜ਼ਾ ਮੌਤ ਦੀ ਸੀ ਗਊ ਹੱਤਿਆ ਦੀ
ਘੱਟ ਕਰਕੇ ਉਮਰ ਕੈਦ ਕੀਤੀ।
ਮੁਸਲਿਮ ਹਿੰਦੂਆਂ ਨੂੰ ਲੜਾਉਣ ਖ਼ਾਤਰ
ਪਹਿਲੀ ਵਿਚ ਲਾਹੌਰ ਕਵਾਇਦ ਕੀਤੀ।
ਭੜਕੇ ਜਦੋਂ ਸਾਰੇ ਹੀ ਸਿੱਖ ਹਿੰਦੂ
ਜਲਸੇ ਜਲੂਸਾਂ ਤੇ ਪਾਬੰਦੀ ਆਇਦ ਕੀਤੀ।
ਗੋਲ਼ੀ ਮਾਰਨੋਂ ਬਿੰਦਰ ਸਿਆਂ ਸਿੱਖ ਮੁੱਕਰੇ
ਮੁਸਲਮਾਨਾਂ ਤੋਂ ਫੇਰ ਉਮੈਦ ਕੀਤੀ।

There was death penalty for cow slaughter,
they reduced it to life imprisonment.
To make Muslim and Hindu fight each other,
it was first rehearsed in Lahore.
When all Sikhs and Hindus were enraged,
then all protests were prohibited.
When Sikhs refused to fire, Binder Singh
then it was expected from Muslims.

24 ਪਹਿਲੀ ਵਾਰ ਇਤਿਹਾਸ ਪੰਜਾਬ ਦੇ ਵਿਚ
ਮੁਸਲਿਮ ਹਿੰਦੂਆਂ ਦਾ ਇਉਂ ਫ਼ਸਾਦ ਹੋਇਆ।
ਲੜਦੇ ਰਹਿੰਦੇ ਸੀ ਹਾਕਮ ਹਕੂਮਤਾਂ ਲਈ
ਲੋਕਾਂ ਵਿਚ ਨਹੀਂ ਸੀ ਕਦੇ ਬਖਾਧ ਹੋਇਆ।
ਕਿੰਨਾ ਸੌਖਾ ਹੈ ਪਾੜਨਾ ਰਾਜ ਕਰਨਾ
ਸਬਕ ਅੰਗਰੇਜ਼ਾਂ ਨੂੰ ਇਸ ਤਰਾਂ ਯਾਦ ਹੋਇਆ।
ਬਿੰਦਰ ਸਿਆਂ ਇਹ ਕੈਂਸਰ ਨਫ਼ਰਤਾਂ ਦਾ
ਜਿਉਂ ਜਿਉਂ ਫੈਲਿਆ ਦੇਸ਼ ਬਰਬਾਦ ਹੋਇਆ।

First time in the history of Punjab,
that is how Muslim Hindu riot took place.
Rulers were commonly fighting for ruling,
people would never clash with each other.
How simple, it is to divide and rule,
The Britishers learnt this lesson.
Binder Singh this cancer of hate,
as spreaded it ruined the country.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 5 ਅੰਗਰੇਜ਼ਾਂ ਦੀਆਂ ਸਕੀਮਾਂ

## 5 The Schemes of English

25 ਦਰਿਆ ਵੱਢ ਕੇ ਨਹਿਰਾਂ ਦੇ ਵਿਚ ਪਾਏ
ਰੁਖ਼ ਮੋੜਿਆ ਪੰਜਾਂ ਪਾਣੀਆਂ ਦਾ।
ਜੰਗਲ ਪੁੱਟ ਜ਼ਮੀਨ ਆਬਾਦ ਕੀਤੀ
ਮੁੱਢ ਬੱਝਿਆ ਹੋਰ ਕਹਾਣੀਆਂ ਦਾ।
ਰੇਲਾਂ ਚੱਲੀਆਂ ਹਿੱਕ ਪੰਜਾਬ ਦੀ ਤੇ
ਢੰਗ ਬਦਲਿਆ ਢੋਆ ਢੁਆਣੀਆਂ ਦਾ।
ਬਿੰਦਰ ਸਿਆਂ ਬਣੇ ਵੱਡੇ ਸਾਹਬ ਗੋਰੇ
ਦੌਰ ਬੀਤਿਆ ਰਾਜਿਆਂ ਰਾਣੀਆਂ ਦਾ।

Rivers were cut and put into canals,
flow of five rivers was diverted.
Forest were uprooted and land was cultivated,
laid foundation of new stories.
Trains ran on the chest of Punjab,
the way of transportation changed
Binder Singh whites became big lords,
the era of kings and queens ended.

26 ਕਹਿੰਦੇ ਰਾਜ ਸੀ ਪਹਿਲਾਂ ਰਾਜਿਆਂ ਦਾ
ਸਾਡਾ ਰਾਜ ਹੁਣ ਹੋਊ ਕਾਨੂੰਨ ਦਾ ਜੀ।
ਕੰਮ ਚੱਲੂ ਦਲੀਲ ਦੇ ਨਾਲ਼ ਸਾਰਾ
ਇੱਥੇ ਕੰਮ ਨਹੀਂ ਕਿਸੇ ਜਨੂਨ ਦਾ ਜੀ।
ਲੱਗੋ ਨਾਲ਼ ਸਾਡੇ ਤੇ ਕਰੋ ਮੌਜਾਂ
ਵੇਲ਼ਾ ਆ ਗਿਆ ਬੜੇ ਸਕੂਨ ਦਾ ਜੀ।
ਬਿੰਦਰ ਸਿਆਂ ਕਹਿੰਦੇ ਸਾਰੀ ਸਮਝ ਸਾਨੂੰ
ਪੂਰਾ ਭੇਤ ਹੈ ਹਰ ਮਜ਼ਮੂਨ ਦਾ ਜੀ।

They declared that earlier rule was of kings,
our rule will be of law.
All work will be done with logic
there will be no place for passion
Join with us and enjoy,
the time of peace has come.
Binder Singh, they said that we know all,
know secrets of every subject.



Sri Satguru Jagjit Singh Ji eLibrary NamdhariElibrary@gmail.com





NamdhariElibrary@gmail.com

27 ਬੰਦੇ ਪਸ਼ੂ ਪੰਛੀ ਧਰਤੀ ਪੌਣ ਪਾਣੀ
ਸੱਭੇ ਆ ਗਏ ਉਹਦੀ ਸਕੀਮ ਥੱਲੇ।
ਕੁੱਲ ਜ਼ਮੀਨ ਮੁਰੱਬੇ ਬੰਦ ਕੀਤੀ
ਪਿੰਡਾਂ ਸ਼ਹਿਰਾਂ ਦੇ ਅਹਿਮ ਮੁਕਾਮ ਮੱਲੇ।
ਰੱਬ, ਜੱਗ ਤੇ ਕੁਦਰਤ ਵੱਖ ਕੀਤੇ
ਗਿਣਤੀ ਮਿਣਤੀਆਂ ਦੇ ਨਵੇਂ ਦੌਰ ਚੱਲੇ।
ਬਿੰਦਰ ਸਿਆਂ ਇਹ ਦੌਰ ਤਰੱਕੀਆਂ ਦਾ
ਰੰਗ ਢੰਗ ਪਿਛਲੇ ਸਭ ਜੜ੍ਹੋਂ ਹੱਲੇ।

Men, animal, birds, land, air and water,
all came under his scheme.
All land was resettled,
occupied all important places of villages and cities.
Separated God, world and nature,
the era of new calculations began.
Binder Singh this phase of development,
shook the roots of all traditional ways.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 6 1857 ਦਾ ਗ਼ਦਰ

28 ਪੰਜ ਸੱਤ ਸਾਲ ਸੀ ਮਸਾਂ ਲੰਘੇ
ਗ਼ਦਰ ਪੈ ਗਿਆ ਸੰਨ ਸਤਵੰਜਿਆਂ ਦਾ।
ਬਾਗ਼ੀ ਹੋ ਗਈ ਭਾਰਤੀ ਫ਼ੌਜ ਸਾਰੀ
ਰੌਲ਼ਾ ਪੈ ਗਿਆ ਚਰਬੀ ਦੇ ਤੰਦਿਆਂ ਦਾ।
ਫ਼ੌਜੀ ਰਲ਼ ਗਏ ਨਾਲ਼ ਰਾਜੇ ਰਾਣੀਆਂ ਦੇ
ਭੇਤ ਜਾਣ ਕੇ ਕੰਮਾਂ ਮੰਦਿਆਂ ਦਾ।
ਬਿੰਦਰ ਸਿਆਂ ਫ਼ਰੰਗੀ ਨੇ ਕੰਬ ਕੇ ਜੀ
ਰਾਹ ਫੜ ਲਿਆ ਫਾਂਸੀਆਂ ਫੰਧਿਆਂ ਦਾ।

## 6 The Rebellion of 1857

Hardly five seven years passed,
there was revolt of year of fifty-sevens.
All Indian army rebelled
there was din about fibers of tallow.
Soldiers allied with kings and queens,
after knowing the evil designs.
Binder Singh the trembling *firangis*
adopted the way of nets and nooses.

29 ਗ਼ਦਰ ਦੱਬ ਲਿਆ ਜ਼ੋਰ ਤੇ ਜਬਰ ਕਰਕੇ
ਵਧੇ ਹੌਸਲੇ ਬੜੇ ਫ਼ਰੰਗੀਆਂ ਦੇ।
ਪਾੜ ਪਾਕੇ ਰਾਜ ਹੁਣ ਕਰੋ ਪੱਕਾ
ਲੱਭੋ ਭੇਦ ਧਰਮਾਂ ਦੀਆਂ ਤੰਗੀਆਂ ਦੇ।
ਗਊ ਸੂਰ ਦੀ ਚਾਬੀ ਹੱਥ ਲੈ ਕੇ
ਜੋੜ ਤੋੜ ਸੁੱਟੋ ਸਾਥੀਆਂ ਸੰਗੀਆਂ ਦੇ।
ਬਿੰਦਰ ਸਿਆਂ ਸਾਡੇ ਵੱਲ ਨਾ ਮੁੜ ਤੱਕਣ
ਜੁੰਡੇ ਆਪੋ ਚ ਪੁਟਾਓ ਭੁਜੰਗੀਆਂ ਦੇ।

Revolt was suppressed with force and cruelty,
*firangis* became very confident.
Divide and consolidate the rule,
find out the bigotry of religions.
Take key of cow and pig in hand and
break the bonds between friends and colleagues.
Binder Singh, they should not dare to look towards
us again, make these savages pull hair of each other.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

30 ਡੂੰਘੀ ਸੋਚ ਕੇ, ਨਾਲ਼ੇ ਬਦਨੀਤ ਹੋ ਕੇ
ਗਊਆਂ ਵੱਢਣੇ ਦਾ ਖੁੱਲ੍ਹਾ ਫ਼ਰਮਾਨ ਕੀਤਾ।
ਰਾਖੀ ਗਊ ਗ਼ਰੀਬ ਦੀ ਕਰਨ ਵਾਲ਼ੇ
ਸਿੱਖਾਂ ਹਿੰਦੂਆਂ ਦਾ ਅਪਮਾਨ ਕੀਤਾ।
ਲੀਕ ਮਾਰਤੀ ਵਿਚ ਪੰਜਾਬੀਆਂ ਦੇ
ਕੋਈ ਸਿੱਖ ਹਿੰਦੂ ਕੋਈ ਮੁਸਲਮਾਨ ਕੀਤਾ।
ਬਿੰਦਰ ਸਿਆਂ ਥਾਂ ਥਾਂ ਫ਼ਿਰਕੂ ਦੰਗਿਆਂ ਦਾ
ਗਿਣ ਮਿੱਥ ਕੇ ਤਿਆਰ ਸਮਾਨ ਕੀਤਾ।

After deep and malicious thinking,
open cow slaughter was declared.
The protectors of cow and poor,
the Sikhs and Hindus were humiliated.
Line was drawn between Punjabis
they were made Sikh, Hindu and Muslim.
Binder Singh calculatedly the base was
prepared everywhere for communal riots.





Sri Satguru Jagjit Singh Ji eLibrary NamdhariElibrary@gmail.com

## 7 ਨਾਮਧਾਰੀ ਲਹਿਰ

31 ਲੱਛਣ ਕਲਯੁਗੀ ਦੇਖ ਫ਼ਰੰਗੀਆਂ ਦੇ
ਉੱਠੀ ਲਹਿਰ ਨਵੀਂ ਨਾਮਧਾਰੀਆਂ ਦੀ।
ਆਪਣੇ ਹੱਥੀਂ ਸੰਵਾਰੋ ਕੰਮ ਆਪਣੇ
ਫਾਹੀ ਵੱਢੋ ਸਭ ਗੱਲਾਂ ਸਰਕਾਰੀਆਂ ਦੀ।
ਸੋਧੋ ਨਾਮ ਨਾਲ਼ ਤਨ ਮਨ ਆਤਮਾ ਨੂੰ
ਮੈਲ਼ਾ ਮਨ ਹੈ ਜੜ੍ਹ ਖੁਆਰੀਆਂ ਦੀ।
ਬਿੰਦਰ ਸਿਆਂ ਕਰੋ ਆਪਣਾ ਰਾਜ ਆਪੇ
ਸਾਨੂੰ ਲੋੜ ਨਹੀਂ ਇਹਨਾਂ ਵਪਾਰੀਆਂ ਦੀ।

## 7 Namdhari Movement

Seeing evil designs of *firangis,*
arose a new movement of *Namdharis.*
Do all work yourself,
dispense away all governments.
Purify body mind and soul with Nam,
polluted mind is root of all problems.
Binder Singh, adopt the self-rule,
we don't need these merchants.

32 ਝੱਲ ਸਕੇ ਨਾ ਗਊਆਂ ਦੀ ਹੱਤਿਆ ਨੂੰ
ਬੁੱਚੜ ਜਾ ਵੱਢੇ ਵਿਚ ਰਾਏਕੋਟ ਦੇ ਜੀ।
ਅੰਬਰਸਰ ਚ ਵੀ ਵੱਢ ਕੇ ਬੁੱਚੜਾਂ ਨੂੰ
ਲੰਘ ਗਏ ਵਿਚ ਨੇਹਰੇ ਦੀ ਓਟ ਦੇ ਜੀ।
ਅੰਦਰੋਂ ਹਿੱਲਿਆ ਰਾਜ ਫ਼ਰੰਗੀਆਂ ਦਾ
ਭਰੋਸਾ ਰਿਹਾ ਨਾ ਕਿਸੇ ਰੀਪੋਟ ਤੇ ਜੀ।
ਬਿੰਦਰ ਸਿਆਂ ਆਖ਼ਰ ਆਪੇ ਕੂਕਿਆਂ ਨੇ
ਜ਼ਿੰਮਾ ਲਿਆ ਦਮਾਮੇ ਦੀ ਚੋਟ ਤੇ ਜੀ।

They could not bear the killing of cows,
they went and slayed butchers in Raikot.
In Amritsar, also after slaying butchers,
they disapeared into the cover of darkness.
The rule of *firangis* was shaken from within,
they lost trust in all reporting.
Binder Singh finally *Kukas* themselves took
responsibility, declaring openly with a bang.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

33 ਇੱਕ ਦਿਨ ਜਾ ਚੜ੍ਹੇ ਕੋਟਲ਼ੇ ਤੇ
ਗਊਆਂ ਛੁਡਾਵਣੇ ਲਈ ਵਿਚ ਜਨੂਨ ਦੇ ਜੀ।
ਤੋਪਾਂ ਨਾਲ਼ ਉਡਾਏ ਫ਼ਰੰਗੀਆਂ ਨੇ
ਧਰਤੀ ਲਾਲ ਹੋਈ ਨਾਲ਼ ਖ਼ੂਨ ਦੇ ਜੀ।
ਨਾ ਵਕੀਲ, ਦਲੀਲ, ਅਪੀਲ ਕੋਈ
ਕੂਕੇ ਮਾਰੇ ਹੇਠ ਕਿਹੜੇ ਕਾਨੂੰਨ ਦੇ ਜੀ?
ਬਿੰਦਰ ਸਿਆਂ, ਸਤਿਗੁਰੂ ਰਾਮ ਸਿੰਘ ਨੂੰ
ਨਜ਼ਰਬੰਦ ਕੀਤਾ ਵਿਚ ਰੰਗੂਨ ਦੇ ਜੀ।

One day they raided Kotla,
with a passion to free the cows.
*Firangis* blew them up with the canons,
the land turned red with blood.
Allowed neither advocate, reason nor appeal,
under which laws the *Kukas* were killed?
Binder Singh, Satguru Ram Singh
was detained in Rangoon.

34 ਵੱਡੇ ਸਾਹਬਾਂ ਨੇ ਸੋਚ ਵਿਚਾਰ ਕੀਤੀ
ਸੂਤ ਕਰੀਏ ਕਿਵੇਂ ਕਸੂਤਿਆਂ ਨੂੰ।
ਸਾਡੇ ਵੱਲ ਨਿਗਾਹ ਨਾ ਕਰੇ ਕੋਈ
ਐਸਾ ਸਬਕ ਸਿਖਾਈਏ ਕੂਕਿਆਂ ਨੂੰ।
ਇਲਮ ਨਾਲ਼ ਸਭ ਮਾਰੀਏ ਅਕਲ ਵਾਲ਼ੇ
ਭਰੀਏ ਫ਼ੌਜ ਵਿਚ ਬਾਕੀ ਧੂਤਿਆਂ ਨੂੰ।
ਬਿੰਦਰ ਸਿਆਂ ਸਭ ਸਾਡੀ ਵਜਾਉਣ ਤੂਤੀ
ਸੂਤ ਕਰ ਲਈਏ ਜੇ ਇਹਨਾਂ ਤੂਤਿਆਂ ਨੂੰ।

The big lords deliberated,
how to straighten the deviant ones.
No one should dare to look towards us,
should teach such a lesson to these *Kukas.*
Finish the intelligent ones through education,
recruit the rest all fools into army.
Binder Singh, all will play to our tunes,
if we set right these trumpets.





Sri Satguru Jagjit Singh Ji eLibrary NamdhariElibrary@gmail.com

## 8 ਅੰਗਰੇਜ਼ੀ ਪੜਾਈ ਦਾ ਅਸਰ

35 ਵਲ਼ ਛਲ਼ ਅੰਗਰੇਜ਼ ਨੇ ਸਭ ਚੱਲੇ
ਨਵੇਂ ਪੋਚ ਨੂੰ ਰੰਗ ਕੁਛ ਚੜ੍ਹਨ ਲੱਗੇ।
ਬਹੁਤੇ ਹੋਏ ਸਕੂਲਾਂ ਦੇ ਵਿਚ ਦਾਖਲ
ਕਈ ਜਾ ਵਲੈਤ ਵਿਚ ਪੜ੍ਹਨ ਲੱਗੇ।
ਬੋਲ ਚਾਲ ਪੁਰਾਣੀ ਛੱਡ ਕੇ ਤੇ
ਵਾਂਗ ਗੋਰਿਆਂ ਦੇ ਬੈਠਣ ਖੜ੍ਹਨ ਲੱਗੇ।
ਬਿੰਦਰ ਸਿਆਂ ਪੰਜਾਬ ਦੇ ਗੱਭਰੂ ਹੁਣ
ਰਾਹ ਨਵੇਂ ਵਲੈਤੀ ਫੜਨ ਲੱਗੇ।

## 8 The Influence of English Education

Englishmen played all tricks,
new generation start getting influenced.
Most of them joined schools,
many went to England for studies.
Leaving the old style of living,
they started behaving like Whites.
Binder Singh, the youth of Punjab now
started adopting English ways.

36 ਨਵੀਂ ਸਦੀ ਦੇ ਚੜ੍ਹਦਿਆਂ ਕਰਦਿਆਂ ਨੂੰ
ਸੋਚ ਅੰਗਰੇਜ਼ ਦੀ ਰੰਗ ਲਿਆਉਣ ਲੱਗੀ।
ਨਵੀਂ ਪੀੜ੍ਹੀ ਪੜ੍ਹਿਆਂ ਲਿਖਿਆਂ ਦੀ
ਹਰ ਪਾਸੇ ਜ਼ੋਰ ਅਜ਼ਮਾਉਣ ਲੱਗੀ।
ਜਿਹੜੀ ਗੱਲ ਅੰਗਰੇਜ਼ ਨੂੰ ਸਮਝ ਆਵੇ
ਉਸੇ ਤਰਾਂ ਦੀਆਂ ਗੱਲਾਂ ਬਣਾਉਣ ਲੱਗੀ।
ਬਿੰਦਰ ਸਿਆਂ ਰੀਤ ਰਿਵਾਜ ਸਾਰੇ
ਨਵੇਂ ਸੰਚਿਆਂ ਦੇ ਵਿਚ ਪਾਉਣ ਲੱਗੀ।

In the beginning of new century, the English
way of thinking started showing its true colors.
New generation of educated ones,
started exerting pressure in every field.
They started to modify everything,
according to the viewpoint of English.
Binder Singh, all rites and customs,
they began to putt into new molds.


Sri Satguru Jagjit Singh Ji eLibrary NamdhariElibrary@gmail.com



37 ਸਿੱਖਾਂ ਵਿਚ ਉੱਠੇ ਸਿੰਘ ਸਭੀਏ
ਵਿਚ ਹਿੰਦੂਆਂ ਆਰੀਆ ਸਮਾਜੀਏ ਜੀ।
ਮੁਸਲਮਾਨਾਂ ਵਿਚ ਅਹਿਮਦੀ ਨਵੇਂ ਉੱਠੇ
ਸੋਚਣ ਅੰਗਰੇਜ਼ ਨੂੰ ਕਿਵੇਂ ਨਿਵਾਜੀਏ ਜੀ।
ਪਿਛੜੇ ਲੱਗੀਏ ਨਾਂ ਨਵਿਆਂ ਹਾਕਮਾਂ ਨੂੰ
ਪੰਥ ਆਪਣੇ ਇਸ ਤਰ੍ਹਾਂ ਸਾਜੀਏ ਜੀ।
ਬਿੰਦਰ ਸਿਆਂ ਜੋੜ ਉੱਚਿਆਂ ਨੀਵਿਆਂ ਨੂੰ
ਗਿਣਤੀ ਵੱਧ ਤੋਂ ਵੱਧ ਵਿਖਾਜੀਏ ਜੀ।

Among Sikhs arose *Singh Sabhiye*
and among Hindus *Arya Smajis*.
Among Muslims arose new *Ahmadiyas*,
thinking how to please the English.
Should not appear as backward to the new rulers,
organize our communities in such a way.
Binder Singh, by uniting all higher and lower ones,
should increase the show of numbers.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 9 ਗ਼ਦਰ ਪਾਰਟੀ

38 ਰੋਟੀ ਰੋਜ਼ੀ ਦੀ ਝਾਕ ਵਿਚ ਬਹੁਤ ਸਾਰੇ
ਉੱਤਰੇ ਜਾ ਕੇ ਵਿਚ ਪਰਦੇਸ ਦੇ ਜੀ।
ਅੱਖਾਂ ਖੁੱਲ੍ਹੀਆਂ ਦੇਖ ਕੇ ਨਵੀਂ ਦੁਨੀਆ
ਧੱਕੇ ਯਾਦ ਆਏ ਆਪਣੇ ਦੇਸ ਦੇ ਜੀ।
ਬਣਾ ਕੇ ਪਾਰਟੀ ਗ਼ਦਰ ਐਲਾਨ ਕੀਤਾ
ਕਹਿੰਦੇ ਕੱਟਣੇ ਰੋਗ ਹਮੇਸ਼ ਦੇ ਜੀ।
ਬਿੰਦਰ ਸਿਆਂ ਗੋਰਿਆਂ ਕਹਿਰ ਢਾਇਆ
ਜੇਲ੍ਹਾਂ, ਫਾਂਸੀਆਂ ਨਾਲ਼ ਝੂਠੇ ਕੇਸ ਦੇ ਜੀ।

## 9 Gadar Party

Numerous landed in foreign,
in search of livelihood.
Their eyes were opened seeing new world,
recalled the atrocities of native country.
They organized a party and declared revolt,
to cut the shackles of all times.
Binder Singh, Whites acted wrathfully using jails,
nooses and false cases.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

# 10 ਪਹਿਲਾ ਸੰਸਾਰ ਯੁੱਧ

39 ਰੱਸੇ ਪੈੜੇ ਅੰਗਰੇਜ਼ ਨੇ ਬੜੇ ਵੱਟੇ
ਹੋਈਆਂ ਜੱਗ ਵਿਚ ਹੋਰ ਖ਼ੁਆਰੀਆਂ ਜੀ।
ਜਰਮਨ,ਯੂਰਪੀ ਮੁਲਕ ਕਈ ਹੋਏ ਕੱਠੇ
ਕੀਤੀਆਂ ਜੰਗ ਦੀਆਂ ਖ਼ੂਬ ਤਿਆਰੀਆਂ ਜੀ।
ਵਖਤ ਪਿਆ ਅੰਗਰੇਜ਼ ਦੀਆਂ ਬਸਤੀਆਂ ਨੂੰ
ਫ਼ੌਜਾਂ ਭਰਤੀ ਕਰੋ ਹੁਣ ਭਾਰੀਆਂ ਜੀ।
ਬਿੰਦਰ ਸਿਆਂ ਭਰੋ ਸਾਰੇ ਸਿੱਖ ਮੁਸਲਿਮ
ਜੰਗੀ ਬੇੜੇ ਚਾੜ੍ਹੋ ਸੱਭੇ ਸਵਾਰੀਆਂ ਜੀ।

## 10 First World War

English took all measures;
the world was facing new troubles.
Germany and many European countries got
united, make preparations for war.
There was threat to English colonies,
said make big recruitments into army.
Binder Singh recruit all Sikh Muslim,
load all passenger into war fleet.

40 ਜੰਗ ਮੁੱਕੀ ਅੰਗਰੇਜ਼ ਕਮਜ਼ੋਰ ਹੋਇਆ
ਲੋਕਾਂ ਝਾਕ ਲਾਈ ਕੁਛ ਆਜ਼ਾਦੀਆਂ ਦੀ।
ਅਸਲੀ ਰੰਗ ਫ਼ਰੰਗੀ ਦਾ ਉੱਘੜ ਆਇਆ
ਬੰਦ ਕੀਤੀ ਆਵਾਜ਼ ਫ਼ਰਿਆਦੀਆਂ ਦੀ।
ਵਫ਼ਾਦਾਰ ਵੀ ਬਾਗ਼ੀ ਹੋਣ ਲੱਗੇ
ਐਸੀ ਬਦਲੀਂ ਹਵਾ ਆਬਾਦੀਆਂ ਦੀ।
ਬਿੰਦਰ ਸਿਆਂ ਫ਼ਰੰਗੀ ਨੇ ਰੰਗ ਬਦਲੇ
ਨੀਂਹ ਰੱਖ ਲਈ ਖ਼ੁਦ ਬਰਬਾਦੀਆਂ ਦੀ।

War ended, English weakened,
people hoped for some liberties.
English showed true colors,
suppressed the voice of appellants.
Even faithful ones were rebelling,
such was the change in air of dwellings.
Binder Singh, the *firangi* changed colors
and set foundation for self-destruction.

Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

41 ਅੱਗੋਂ ਹੋਰ ਗਰਮ ਲਹਿਰਾਂ ਦੇ ਦੌਰ ਆਏ
ਗਦਰੀਆਂ, ਬੱਬਰਾਂ ਤੇ ਇਨਕਲਾਬੀਆਂ ਦੇ।
ਬੈਠੀ ਗੱਲ ਅੰਗਰੇਜ਼ ਦੇ ਮਨ ਚ ਡੂੰਘੀ
ਜਥੇ ਰੁਕਣੇ ਨਹੀਂ ਪੰਜਾਬੀਆਂ ਦੇ।
ਬਦੀ ਧਾਰਕੇ ਲਾਈ ਸਕੀਮ ਲੰਮੀ
ਚੱਲੇ ਪੈਂਤੜੇ ਖੇਹ ਖ਼ਰਾਬੀਆਂ ਦੇ।
ਬਿੰਦਰ ਸਿਆਂ ਬਾਲਣ ਨਫ਼ਰਤਾਂ ਦਾ
ਤੀਲ੍ਹੀ ਲਾ ਦਿੱਤੀ ਉੱਤੋਂ ਸ਼ਤਾਬੀਆਂ ਦੇ।

There were more phases of fiery movements
of *Gadaris, Babbars*, and revolutionaries.
English deeply realized that groups of
Punjabis are not going to stop.
They make a long range plan out of malice,
and played all evil tricks.
Binder Singh, the fuel of hatred,
they put on fire.

42 ਵਿੱਦਿਆ ਦਿੱਤੀ ਜੋ ਲੱਗੀ ਪੈਣ ਪੁੱਠੀ
ਸੋਚ ਆਜ਼ਾਦੀ ਦੀ ਵਸੀ ਵਿਚ ਮੱਥਿਆਂ ਦੇ।
ਚਰਚੇ ਛਿੜੇ ਪੰਜਾਬ ਦੇ ਵਿਚ ਸਾਰੇ
ਧੱਕੇ ਸ਼ਾਹੀਆਂ ਤੇ ਜ਼ੁਲਮ ਅਲੱਥਿਆਂ ਦੇ।
ਕੱਲੇ ਕਹਿਰੇ ਦੀ ਗੱਲ ਨਾ ਰਹੀ ਕੋਈ
ਲੋਕੀ ਉੱਠ ਤੁਰੇ ਵਿਚ ਜੱਥਿਆਂ ਦੇ।
ਬਿੰਦਰ ਸਿਆਂ ਜੱਲ੍ਹਿਆਂ ਵਾਲ਼ੇ ਬਾਗ਼ ਅੰਦਰ
ਡਾਇਰ ਕਤਲ ਕੀਤੇ ਲੋਕਾਂ ਨਿਹੱਥਿਆਂ ਦੇ।

The education given became counterproductive,
the thought of freedom settled in minds.
There was talk in all Punjab about injustice and
unprecedented atrocities.
Now it was not matter of an individual,
people were rising in groups.
Binder Singh in Jallianwala Bag,
Dyer murdered unarmed people.





Sri Satguru Jagjit Singh Ji eLibrary NamdhariElibrary@gmail.com

43 ਅੰਗਰੇਜ਼ ਜਾਲ਼ ਵਿਛਾਇਆ ਮੁਖ਼ਬਰਾਂ ਦਾ
ਕਈ ਉਸ ਦੇ ਜ਼ਰ ਖ਼ਰੀਦ ਹੋ ਗਏ।
ਅੰਨ੍ਹੇ ਹੋਏ ਕਈ ਵਿਚ ਲਾਲਚਾਂ ਦੇ
ਗੋਰੇ ਹਾਕਮਾਂ ਦੇ ਪੂਰੇ ਮੁਰੀਦ ਹੋ ਗਏ।
ਕਈ ਦੇਖ ਕੇ ਜ਼ੁਲਮ ਦੀਆਂ ਤਾਕਤਾਂ ਨੂੰ
ਧੁਰ ਅੰਦਰੋਂ ਬੇ ਉਮੀਦ ਹੋ ਗਏ।
ਭਗਤ ਸਿੰਘ ਸਰਦਾਰ ਜਹੇ ਕਈ ਯੋਧੇ
ਚੁੰਮ ਫਾਂਸੀਆਂ ਹੱਸ ਸ਼ਹੀਦ ਹੋ ਗਏ।

English spreaded the net of informers,
some sold themselves to him.
Many blinded by greed,
became followers of the Whites.
Many after seeing the powers of tyranny,
became deeply hopeless.
Many braves like Bhagat Singh,
happily kissed nooses and became martyrs.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 11 ਅੰਗਰੇਜ਼ ਤੇ ਫ਼ਿਰਕਾਪ੍ਰਸਤੀ

44 ਅੰਤ ਅੰਗਰੇਜ਼ ਨੇ ਕਹਿਣਾ ਸ਼ੁਰੂ ਕੀਤਾ
ਅਸਾਂ ਚਲੇ ਜਾਣਾ ਰਾਜ ਸੰਭਾਲ ਕੇ ਜੀ।
ਤੁਸਾਂ ਵੰਡ ਲਓ ਆਪੋ ਵਿਚ ਕੁਰਸੀਆਂ ਨੂੰ
ਸਿੱਖੋ ਢੰਗ ਤਰੀਕੇ ਸਾਡੇ ਹਾਲ ਕੇ ਜੀ।
ਅੰਦਰਖਾਤੇ ਸਕੀਮ ਤਿਆਰ ਕੀਤੀ
ਮਜ਼੍ਹਬੀ ਜਨੂਨ ਨੂੰ ਪੂਰਾ ਉਬਾਲ ਕੇ ਜੀ।
ਬਿੰਦਰ ਸਿਆਂ ਸੁੱਟੀ ਬਾਂਦਰਾਂ ਵਿਚ ਭੇਲੀ
ਸੋਚ ਸਮਝਕੇ ਦੇਖ ਕੇ ਭਾਲ਼ ਕੇ ਜੀ।

## 11 English and Communalism

Ultimately English started saying,
we will go after handing over the state power.
You divide the chairs among yourself,
learn our methods and means.
Secretly planned to boil
the communal fanaticism.
Binder Singh, threw lump of jaggery among the
monkeys, with well-considered plans.

45 ਮੁਸਲਮਾਨਾਂ ਨੂੰ ਅੰਦਰੋਂ ਫ਼ਿਕਰ ਹੋਇਆ
ਪਹਿਲਾਂ ਰਿਹਾ ਅੰਗਰੇਜ਼ਾਂ ਤੋਂ ਰਾਜ ਸਾਡਾ।
ਹਿੰਦੂਆਂ ਨਾਲ਼ ਨਾ ਸਾਡੀ ਰਾਲ਼ ਰਲ਼ਦੀ
ਸਿੱਖਾਂ ਨਾਲੋਂ ਵੀ ਵੱਖ ਸਮਾਜ ਸਾਡਾ।
ਨਵੀਂ ਸਰਕਾਰ ਜੇ ਵੋਟਾਂ ਦੇ ਨਾਲ਼ ਬਣਨੀ
ਗਿਣਤੀ ਘੱਟ ਦੇ ਵਿਚ ਮੁਹਾਜ਼ ਸਾਡਾ।
ਬਿੰਦਰ ਸਿਆਂ ਜੋ ਰਹੇ ਅਧੀਨ ਸਾਡੇ
ਕਿਵੇਂ ਕਰਨਗੇ ਉਹ ਲਿਹਾਜ਼ ਸਾਡਾ।

Muslims inside got worried thinking,
we ruled before English.
We are not in tune with Hindus,
our milieu is different from Sikhs.
If new government is going to be made
through votes, we will be in minority.
Binder Singh who remained under us,
how they will be generous to us.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

46 ਕਿੰਨੇ ਈ ਮਜ਼੍ਹਬ ਇਲਾਕੇ, ਗੋਤ, ਜਾਤਾਂ
ਕੁੱਲ ਪੰਜ ਸੌ ਬਾਹਠ ਰਿਆਸਤਾਂ ਜੀ।
ਸਾਰੇ ਮੱਲ ਲਓ ਆਪੋ ਆਪਣੇ ਥਾਂ
ਆਪਣੀ ਮਰਜ਼ੀ ਦੀਆਂ ਕਰੋ ਸਿਆਸਤਾਂ ਜੀ।
ਅਸੀਂ ਰਹਾਂਗੇ ਇੱਥੇ ਹਮਦਰਦ ਬਣ ਕੇ
ਸਾਥੋਂ ਕਰਦੇ ਰਹਿਣਾ ਦਰਿਆਫਤਾਂ ਜੀ।
ਬਿੰਦਰ ਸਿਆਂ ਰੋਣਗੇ ਕਿਸਮਤਾਂ ਨੂੰ
ਜਿਹੜੇ ਵੱਢਣ ਅੰਗਰੇਜ਼ ਦੀਆਂ ਕਾਸ਼ਤਾਂ ਜੀ।

So many religions, regions, clans and castes,
total five hundred sixty-two states.
All occupy your own places,
do politics of your own choice.
We will remain as sympathizers,
You may make enquiries from us.
Binder Singh, they will wail for their fate,
those who will harvest the crops of Englishman.

47 ਅੰਦਰੋਂ ਜਾਣ ਦੀ ਨੀਤ ਸੀ ਨਹੀਂ ਰੱਤੀ
ਉੱਤੋਂ ਉੱਤੋਂ ਐਵੇਂ ਚੋਗ਼ਾ ਪਾਉਣ ਲੱਗੇ।
ਜਿਨਾਹ ਪੱਟਿਆ ਵਿਚੋਂ ਕਾਂਗਰਸ ਦੇ
ਮੁਸਲਿਮ ਲੀਗ ਨੂੰ ਅੱਗੇ ਲਿਆਉਣ ਲੱਗੇ।
ਵੋਟਾਂ ਮਜ਼੍ਹਬ ਤੇ ਜਾਤ ਨਾਲ਼ ਜੋੜ ਕੇ ਜੀ
ਵੰਡਾਂ ਪੱਕੀਆਂ ਸਦਾ ਲਈ ਪਾਉਣ ਲੱਗੇ।
ਬਾਂਦਰ ਬਣ ਕੇ ਬਿੰਦਰ ਸਿਆਂ ਬਿੱਲੀਆਂ ਵਿਚ
ਨਾਲ਼ੇ ਖਾਣ ਤੇ ਨਾਲ਼ੇ ਲੜਾਉਣ ਲੱਗੇ।

There was no intention of leaving
just started offering bait.
Jinnah pulled out from congress,
started bringing Muslim league forward.
Associating votes with religion and caste,
started creating permanent divisions.
Becoming monkey among cats, Binder Singh,
started eating and making them fight.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 12 ਦੂਸਰਾ ਸੰਸਾਰ ਯੁੱਧ

48 ਪਹਿਲੀ ਜੰਗ ਦੇ ਸੀ ਅਜੇ ਜ਼ਖ਼ਮ ਅੱਲੇ
ਹੋਈਆਂ ਦੂਜੀ ਦੀਆਂ ਫੇਰ ਤਿਆਰੀਆਂ ਜੀ।
ਹਿਟਲਰ ਉੱਠਿਆ ਅੰਦਰ ਜਰਮਨੀ ਦੇ
ਪਾਈਆਂ ਇਟਲੀ ਜਾਪਾਨ ਨਾਲ਼ ਯਾਰੀਆਂ ਜੀ।
ਚੜ੍ਹਿਆ ਦੁਨੀਆ ਉੱਤੇ ਤੂਫ਼ਾਨ ਬਣ ਕੇ
ਅੱਗੇ ਉਸ ਦੇ ਸਭ ਫ਼ੌਜਾਂ ਹਾਰੀਆਂ ਜੀ।
ਬਿੰਦਰ ਸਿਆਂ ਅੰਗਰੇਜ਼ਾਂ ਡਰਦਿਆਂ ਨੇ
ਪਾਈਆਂ ਰੂਸ ਅਮਰੀਕਾ ਨਾਲ਼ ਯਾਰੀਆਂ ਜੀ।

## 12 Second World War

Yet the wounds of first war were raw,
there were preparations for second one.
Hitler arose in Germany,
making alliances with Italy and Japan.
He rode over the world like a storm,
all armies got defeated by him.
Binder Singh, the English out of fear,
allied with Russia and America.

49 ਕਟਕ ਚੜ੍ਹ ਪਏ ਦੋਨਾਂ ਪਾਸਿਆਂ ਤੋਂ
ਹੋਈਆਂ ਲੋਕਾਂ ਨੂੰ ਬਹੁਤ ਖੁਆਰੀਆਂ ਜੀ।
ਚਾਰ ਸਾਲ ਪੂਰੇ ਲੰਘ ਗਏ ਲੜਦਿਆਂ ਨੂੰ
ਰੰਗੀਆਂ ਖ਼ੂਨ ਨਾਲ਼ ਧਰਤੀਆਂ ਸਾਰੀਆਂ ਜੀ।
ਐਟਮ ਬੰਬ ਅੰਤ ਸੁੱਟੇ ਅਮਰੀਕੀਆਂ ਨੇ
ਲੋਥਾਂ ਵਿਛੀਆਂ ਗਿਣਤੀਓਂ ਬਾਹਰੀਆਂ ਜੀ।
ਬਿੰਦਰ ਸਿਆਂ ਵਿਚ ਹੈਵਾਨੀਅਤ ਦੇ
ਦੋ ਸ਼ਹਿਰ ਕੀਤੇ ਸਾੜ ਅੰਗਿਆਰੀਆਂ ਜੀ।

Armies moved from both sides,
People faced lot of troubles.
Four years passed while fighting,
all lands got colored with blood.
Ultimately Americans dropped atom bombs,
countless dead bodies were spread.
Binder Singh, in sheer monsterity,
Two cities were turned into cinders.


Sri Satguru Jagjit Singh Ji eLibrary NamdhariElibrary@gmail.com



THE KOH-I-NOOR, OR MOUNTAIN OF LIGHT, IN ITS ORIGINAL SETTING.



Sri Satguru Jagjit Singh Ji eLibrary NamdhariElibrary@gmail.com

## 13 ਯੁੱਧ ਦਾ ਅੰਤ ਤੇ ਅੰਗਰੇਜ਼ੀ ਚਾਲਾਂ

50 ਜਾਨ ਅੰਗਰੇਜ਼ ਦੀ ਜੰਗ ਚੋਂ ਮਸਾਂ ਛੁੱਟੀ
ਪਹਿਲਾਂ ਨਾਲ਼ੋਂ ਹੋਰ ਕਮਜ਼ੋਰ ਹੋ ਕੇ।
ਮੰਗ ਆਜ਼ਾਦੀ ਦੀ ਹਿੰਦੋਸਤਾਨ ਅੰਦਰ
ਉੱਠੀ ਹੋਰ ਵੀ ਦੁੱਗਣੇ ਜ਼ੋਰ ਹੋ ਕੇ।
ਚੋਣਾਂ ਹੋਈਆਂ ਵਲੈਤ ਸਰਕਾਰ ਬਦਲੀ
ਜੰਗੀ ਨੇਤਾਂ ਹਾਰੇ ਹੋਰ ਦੇ ਹੋਰ ਹੋ ਕੇ।
ਬਿੰਦਰ ਸਿਆਂ ਜਾਈਏ ਪਾੜ ਪਾ ਕੇ
ਅੰਗਰੇਜ਼ ਸੋਚਦੇ ਬਦਲਾਖ਼ੋਰ ਹੋ ਕੇ।

51 ਹੀਰੇ ਮੋਤੀ, ਖ਼ਜ਼ਾਨੇ ਹੋਰ ਸਾਰੇ
ਲੈ ਗਏ ਲੱਦ ਵਿਚ ਗੱਡੀਆਂ ਠੇਲਿਆਂ ਦੇ।
ਡੰਗਰ ਪਸੂ ਜ਼ਮੀਨਾਂ ਜਾਇਦਾਦਾਂ
ਮੁੱਲ ਪਾ ਲਏ ਸਣੇ ਤਬੇਲਿਆਂ ਦੇ।
ਵੰਡੋ ਥਾਵਾਂ ਤੇ ਸਾਂਭੋ ਰਾਜ ਆਪਣੇ
ਸਾਨੂੰ ਪਾਓ ਨਾਂ ਵਿਚ ਝਮੇਲਿਆਂ ਦੇ।
ਬਿੰਦਰ ਸਿਆਂ ਛੱਡਣਾ ਰਾਜ ਔਖਾ
ਬਾਘੜ ਯਾਰ ਕਦ ਬਣਦੇ ਲੇਲਿਆਂ ਦੇ।

## 13 End of War and English Machinations

English barely survived in war,
getting weaker than earlier.
The demand for freedom in India,
arose with double strength.
Elections were held in England government got
changed, the war leaders got defeated badly.
Binder Singh, let us divide and leave,
English think revengefully.

All diamonds, rubies and other treasures,
they took by loading into wagons and carts.
Animals, cattle, lands and properties
were valuated along with stables.
Divide places and take charge of your state,
don't put us into botherations.
Binder Singh, it is difficult to leave the power,
when wolves become friends of lambs.

Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

52 ਅੰਦਰਖਾਤੇ ਸਕੀਮ ਤਿਆਰ ਕੀਤੀ
ਲਾਲਚ ਗੱਦੀ ਦਾ ਬੱਸ ਦਿਖਾਈ ਜਾਈਏ।
ਜਿਨਾਹ,ਨਹਿਰੂ ਤੇ ਨਾਲ਼ ਅੰਬੇਦਕਰ ਨੂੰ
ਮੁਸਲਿਮ, ਹਿੰਦੂ ਤੇ ਦਲਿਤ ਬਣਾਈ ਜਾਈਏ।
ਫੂਕ ਕੱਢੀਏ ਕਾਂਗਰਸੀ ਲੀਡਰਾਂ ਦੀ
ਮੁਸਲਿਮ ਲੀਗ ਨੂੰ ਅੱਗੇ ਲਿਆਈ ਜਾਈਏ।
ਬਿੰਦਰ ਸਿਆਂ ਤਪਾ ਕੇ ਭੱਠੀਆਂ ਨੂੰ
ਉੱਪਰੋਂ ਤੇਲ ਸਹਿੰਦਾ ਸਹਿੰਦਾ ਪਾਈ ਜਾਈਏ।

They planned secretly to keep throwing
the bait of chair.
Keep portraying Jinnah, Nehru and Ambedkar,
as Muslim, Hindu and Dalit.
Let us deflate the congress leaders,
keep encouraging the Muslim league.
Binder Singh, by fanning the furnaces,
keep slowly putting oil on it.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 14 ਫ਼ਿਰਕੂ ਦੰਗੇ

53 ਸੰਨ ਛਿਆਲ਼ੀ ਦੇ ਚੜ੍ਹਨ ਦੀ ਦੇਰ ਸੀ ਬੱਸ
ਖਾੜਾ ਭਖ ਪਿਆ ਮਜ਼੍ਹਬੀ ਜਨੂਨ ਵਾਲ਼ਾ।
ਪਹਿਲਾਂ ਹੋਏ ਬੰਗਾਲ ਦੇ ਵਿਚ ਦੰਗੇ
ਮੁਸਲਿਮ ਲੀਗ ਪੜ੍ਹਿਆ ਸੋਹਲਾ ਖ਼ੂਨ ਵਾਲ਼ਾ।
ਅੰਗਰੇਜ਼ ਸਰਕਾਰ ਰਹੀ ਦੇਖਦੀ ਚੁੱਪ ਕਰਕੇ
ਨਾਅਰਾ ਲੱਗਿਆ ਖ਼ੂਨ ਬਦਲੇ ਖ਼ੂਨ ਵਾਲ਼ਾ।
ਬਿੰਦਰ ਸਿਆਂ ਗਈ ਸਭ ਦੀ ਮੱਤ ਮਾਰੀ
ਲੀਡਰ ਰਿਹਾ ਨਾ ਕੋਈ ਸਕੂਨ ਵਾਲ਼ਾ।

## 14 Communal Riots

It was just beginning of year of forty-six,
stage was set for communal fanaticism.
First riots occurred in Bengal,
Muslim league sang the song of blood.
English government remained mute spectator,
slogan of blood for blood was raised.
Binder Singh all lost their wisdom,
there was no leader with patience.

54 ਬੱਦਲ ਦੂਰ ਜੋ ਗਰਜਦਾ ਸੁਣੀਦਾ ਸੀ
ਆਣ ਗੱਜਿਆ ਵਿਚ ਪੰਜਾਬ ਦੇ ਜੀ।
ਖ਼ਿਜ਼ਰ ਹਯਾਤ ਦੀ ਸਾਂਝੀ ਸਰਕਾਰ ਟੁੱਟੀ
ਲੀਗ ਚੁੱਕਿਆ ਝੰਡਾ ਜਹਾਦ ਦਾ ਜੀ।
ਕੱਲ੍ਹ ਤੱਕ ਨਾ ਕੋਈ ਸਿਆਣਦਾ ਸੀ
ਕਰਨ ਲੱਗੇ ਉਹ ਜ਼ਰਬ ਹਿਸਾਬ ਦਾ ਜੀ।
ਬਿੰਦਰ ਸਿਆਂ ਦੇਸ਼ ਮੁਹੱਬਤਾਂ ਦਾ
ਦੇਖੋ ਬਣ ਗਿਆ ਦਰ ਅਜ਼ਾਬ ਦਾ ਜੀ।

The cloud which was thundering away,
came and roared in Punjab.
The coalition government of Khizar Hayat fell,
league raised the banner of jihad.
Whose, no body was taking any note till recent,
they started making calculations.
Binder Singh, the country of love,
has become the door of hell.


Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com

55 ਲਾਂਬੂ ਉਠੱਕੇ ਸਿਰਾਂ ਨੂੰ ਚੜ੍ਹਨ ਲੱਗੇ
ਚੜ੍ਹਿਆ ਸੰਨ ਸੀ ਜਦੋਂ ਸੰਤਾਲ਼ੀਆਂ ਦਾ।
ਫ਼ਿਕਰ ਲੀਡਰਾਂ ਨੂੰ ਹੋਈ ਕੁਰਸੀਆਂ ਦੀ
ਕਿਸੇ ਸੋਚਿਆ ਨਾ ਹਾਲ਼ੀਆਂ ਪਾਲ਼ੀਆਂ ਦਾ।
ਹਿੰਦ ਹਿੰਦੂਆਂ ਦਾ ਪਾਕ ਮੁਸਲਮਾਂ ਦਾ
ਕੀ ਬਣੂੰਗਾ ਸਿੱਖਾਂ ਅਕਾਲੀਆਂ ਦਾ।
ਬਿੰਦਰ ਸਿਆਂ ਲੀਡਰ ਛੋਟੀ ਸੋਚ ਵਾਲ਼ੇ
ਮੁੱਢ ਬੰਨ੍ਹਦੇ ਸਦਾ ਬਦਹਾਲੀਆਂ ਦਾ।

Flames risen to reach the heads,
When year of forty-seven began.
Leaders got worried about chairs,
nobody thought about the cultivators and herdsmen.
Hind for Hindus and Pak for Muslims,
what will happen to Sikh Akalis.
Binder Singh, leaders of petty thinking
always lay the foundation of bad times.

56 ਦੰਗੇ ਭੜਕੇ ਅੰਗਰੇਜ਼ ਨੂੰ ਪਈ ਕਾਹਲੀ
ਮੁਲਕ ਵੰਡਣੇ ਦੀ ਜਦ ਬਦਨੀਤ ਕੀਤੀ।
ਸਿਰਲ ਰੈਡਕਲਿਫ ਵਕੀਲ ਲਾਇਆ
ਜਿਹਨੇ ਮਾਰਨੇ ਦੀ ਛੇਤੀ ਲੀਕ ਕੀਤੀ।
ਮਾਊਂਟਬੈਟਨ ਕਹੇ ਨਿਬੇੜੋ ਕੰਮ ਛੇਤੀ
ਅੱਗ ਤੇਲ ਦੇ ਖਿੱਚ ਨਜ਼ਦੀਕ ਕੀਤੀ।
ਬਿੰਦਰ ਸਿਆਂ ਅਠਤਾਲ਼ੀ ਜੂਨ ਸੀ ਜੋ
ਬਦਲ ਅਗਸਤ ਸੰਤਾਲ਼ੀ ਤਰੀਕ ਕੀਤੀ।

Riots flared up, English hurried,
when deceitfully intended to divide the country.
Cyril Radcliffe appointed as lawyer,
who hurriedly drew a line.
Mountbatten asked to finish the job quickly,
drawn fire close to oil.
Binder Singh, which was June forty eight,
changed the date to August forty seven.


Sri Satguru Jagjit Singh Ji eLibrary NamdhariElibrary@gmail.com

57




58


Sri Satguru Jagjit Singh Ji eLibrary NamdhariElibrary@gmail.com

# 15 ਫ਼ਿਰਕਾਪਸਤੀ ਤੇ ਪੰਜਾਬ ਦੀ ਵੰਡ

ਵੱਢ ਟੁੱਕ ਦਾ ਕਰ ਸਮਾਨ ਕੱਠਾ
ਬਣਤਾਂ ਨਵੀਆਂ ਹੋਰ ਬਣਾਉਣ ਲੱਗੇ।
ਸਮਝ ਆਈ ਨਾ ਲੋਕਾਂ ਭੋਲ਼ਿਆਂ ਨੂੰ
ਲੀਡਰ ਲੋਕ ਜਦ ਵੰਡੀਆਂ ਪਾਉਣ ਲੱਗੇ।
ਮੁਸਲਿਮ ਲੀਗ ਨੇ ਲੰਮੀ ਹੜਤਾਲ ਕੀਤੀ
ਨਾਅਰੇ ਪਾਕਿਸਤਾਨ ਦੇ ਲਾਉਣ ਲੱਗੇ।
ਬਿੰਦਰ ਸਿਆਂ ਜੋ ਕਦੇ ਨਾ ਸੋਚਿਆ ਸੀ
ਭਾਣਾ ਨਵਾਂ ਹੀ ਹੋਰ ਵਰਤਾਉਣ ਲੱਗੇ।

## 15 Communalism and Partition of Punjab

Collecting the materials of massacres,
started making new plans.
Innocent people could not understand,
when leaders started dividing.
Muslim league resorted to a prolonged strike,
started raising slogans of Pakistan.
Binder Singh, which was not ever thought,
they started doing unusual things.

ਖ਼ਿਜ਼ਰ ਹਯਾਤ ਟਿਵਾਣਾ ਅਖੀਰ ਨੂੰ ਜੀ
ਪਾਸੇ ਹਟ ਗਿਆ ਬਹੁਤ ਮਜਬੂਰ ਹੋ ਕੇ।
ਗਵਰਨਰ ਸੱਦ ਕੇ ਆਖਦਾ ਲੀਗੀਆਂ ਨੂੰ
ਬੈਠੋ ਕੁਰਸੀ ਤੋਂ ਨਾ ਹੁਣ ਦੂਰ ਹੋਕੇ।
ਸ਼ਹਿ ਅੰਗਰੇਜ਼ ਦੀ ਨਫ਼ਰਤ ਮਜ਼੍ਹਬਾਂ ਦੀ
ਤੁਰੇ ਲੀਗੀਏ ਨਸ਼ੇ ਵਿਚ ਚੂਰ ਹੋ ਕੇ।
ਬਿੰਦਰ ਸਿਆਂ ਵਰਜਦਾ ਫੇਰ ਕਿਹੜਾ
ਤੁਰੇ ਬਦੀ ਨਾਲ਼ ਸਭ ਭਰਪੂਰ ਹੋ ਕੇ।

Ultimately Khizar Hayat Tiwana
stepped aside being helpless.
Governor invited the league and
asked that do not sit away from chair.
Communal hatred and Incitement of English,
league members moved as intoxicated.
Binder Singh who would have stopped,
they moved full of evil.



Sri Satguru Jagjit Singh Ji eLibrary NamdhariElibrary@gmail.com



# 600,000 Murders in 7 Days

The maimed, the dying, and the raped shrieked as religious fanatics [illegible] in the streets leaving behind them a trail of corpses—in one of the greatest massacres of all time!

by LEITH ANDERSON

The victims of a fight between Hindus and Moslems line the streets, partially eaten by vultures.

59 ਜਿੱਥੇ ਸਿੱਖ ਹਿੰਦੂ ਸੀ ਬੜੇ ਥੋੜ੍ਹੇ
ਜ਼ੁਲਮ ਸ਼ੁਰੂ ਹੋਇਆ ਵਿਚ ਪੋਠੋਹਾਰ ਦੇ ਜੀ।
ਘੇਰੇ ਘੱਤ ਲਏ ਉੱਥੇ ਕਬਾਇਲੀਆਂ ਨੇ
ਪਿੰਡ ਜਿੱਥੇ ਸੀ ਕਿਤੇ ਸਰਦਾਰ ਦੇ ਜੀ।
ਚੁੱਕ ਔਰਤਾਂ ਨੂੰ ਨਾਲ਼ੇ ਲੈ ਜਾਂਦੇ
ਅੱਗੋਂ ਅੜੇ ਜੇ ਕੋਈ ਤਾਂ ਮਾਰਦੇ ਜੀ।
ਬਿੰਦਰ ਸਿਆਂ ਖ਼ੁਸ਼ ਹੋਏ ਅੰਗਰੇਜ਼ ਅਫ਼ਸਰ
ਜੂੰ ਸਰਕੀ ਨਾ ਕੰਨ ਸਰਕਾਰ ਦੇ ਜੀ।

Where Sikhs and Hindus were in minority,
atrocities started in Pothohar.
The tribals encircled,
wherever were the villages of Sardars.
They were kidnapping the women,
would kill if someone resisted.
Binder Singh, English officer were happy,
government remained indifferent.

60 ਮਾਰਚ ਸੰਤਾਲ਼ੀ ਦਾ ਸਮਾਂ ਸੀ ਬੜਾ ਭਾਰਾ
ਥਾਂ ਥਾਂ ਭੜਕ ਉੱਠੀ ਅੱਗ ਦੰਗਿਆਂ ਦੀ।
ਅੰਨ੍ਹੇ ਵਿਚ ਜਨੂਨ ਦੇ ਕਈ ਹੋ ਕੇ
ਭੁੱਲ ਗਏ ਪਛਾਣ ਮੰਦੇ ਚੰਗਿਆਂ ਦੀ।
ਲੋਥਾਂ ਵਿਛ ਗਈਆਂ ਖ਼ੂਨ ਦੇ ਭਰੇ ਖੱਪਰ
ਮੱਤ ਮਾਰੀ ਗਈ ਨਫ਼ਰਤ ਦੇ ਡੰਗਿਆਂ ਦੀ।
ਬਿੰਦਰ ਸਿਆਂ ਪੂਰਬ ਦਾ ਵੀ ਮੱਚ ਉੱਠਿਆ
ਖ਼ਬਰ ਸੁਣ ਕੇ ਪੱਛਮ ਦੇ ਪੰਗਿਆਂ ਦੀ।

March forty seven was very hard time,
fire of riots flared up everywhere.
Blinded in fanaticm many forgot
the difference of good and evil.
There were bodies and blood-filled skull bowls,
they lost minds, who were stung by the hatred.
Binder Singh east was on fire,
after listening about the troubles of west.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

61 ਨਿੱਤ ਨਵੀਆਂ ਖ਼ਬਰਾਂ ਆਉਣ ਲੱਗੀਆਂ
ਅੱਗ ਫੈਲਦੀ ਰੋਜ਼ ਅਫ਼ਵਾਹ ਬਣ ਕੇ।
ਘੜੀਆਂ ਪਲਾਂ ਦੇ ਵਿਚ ਪਰਾਏ ਹੋਗੇ
ਜਿਹੜੇ ਰਹਿੰਦੇ ਸੀ ਸਾਹਾਂ ਨਾਲ਼ ਸਾਹ ਬਣ ਕੇ।
ਕੱਟ ਵੱਢ ਕੇ, ਮਾਰ ਕੇ ਕਰੇ ਪਾਸੇ
ਅੱਗੇ ਆਏ ਜੋ ਸਰਬਰਾਹ ਬਣ ਕੇ।
ਬਿੰਦਰ ਸਿਆਂ ਨਾ ਕਿਸੇ ਦਾ ਵੱਸ ਕੋਈ
ਨਾਚ ਮੌਤ ਦਾ ਦੇਖਣ ਗਵਾਹ ਬਣ ਕੇ ।

News were coming every day,
fire was spreading like rumors.
Became stranger within moments,
who were living as shared breaths
They were massacred and put aside,
who came to advise.
Binder Singh, no one had any control,
all were witnessing the dance of death.

62 ਬੈਠੇ ਰੈਡਕਲਿਫ ਤੇ ਮਾਊਂਟਬੈਟਨ
ਪੈੱਗ ਪਾ ਕੇ ਮਹਿੰਗੀਆਂ ਵਿਸਕੀਆਂ ਦੇ ।
ਦੇਸ਼ ਪੰਜਾਬ ਦਾ ਲਾਉਣ ਹਿਸਾਬ ਲੱਗੇ
ਘਾਟੇ ਵਾਧੇ ਰਿਸਕ ਤੇ ਰਿਸਕੀਆਂ ਦੇ।
ਕੀ ਕਹਿਣਗੇ ਸਾਨੂੰ ਜਿਨਾਹ ਨਹਿਰੂ
ਫ਼ਿਕਰਮੰਦ ਜੋ ਕੁਰਸੀਆਂ ਖਿਸਕੀਆਂ ਦੇ।
ਬਿੰਦਰ ਸਿਆਂ ਲੰਚ ਕਰਦਿਆਂ ਨੇ
ਭਾਗ ਲਿਖੇ ਪੰਜਾਬ ਲਈ ਸਿਸਕੀਆਂ ਦੇ।

Radcliffe and Mountbatten sat together,
filling the pegs of expensive whisky.
Began calculations about country of Punjab,
gains, losses and points of risk.
What will say Jinnah and Nehru?
Who are worried about slipping of chairs.
Binder Singh, while having lunch they
wrote the fate of sobs for Punjab.





Sri Satguru Jagjit Singh Ji eLibrary NamdhariElibrary@gmail.com

## 16 ਸਿੱਖਾਂ ਦੀ ਹੋਣੀ

63 ਕਸ਼ਮਕਸ਼ ਅੰਦਰ ਹੋਈ ਬੜੀ ਭਾਰੀ
ਸਿੱਖ ਸੋਚਦੇ ਕਿਧਰ ਨੂੰ ਜਾਈਏ ਜੀ ?
ਸਾਨੂੰ ਨਹੀਂ ਯਕੀਨ ਜਿਨਾਹ ਉੱਤੇ
ਗੱਲਾਂ ਵਿਚ ਨਾ ਕਿਤੇ ਫਸ ਜਾਈਏ ਜੀ।
ਦਿਲ ਟਿਕੇ ਨਾ ਨਹਿਰੂਆਂ ਗਾਂਧੀਆਂ ਤੇ
ਕੀਹਨੂੰ ਦਿਲ ਦੀ ਗੱਲ ਸਮਝਾਈਏ ਜੀ।
ਬਿੰਦਰ ਸਿਆਂ ਜਦ ਪੇਸ਼ ਨਾ ਕੋਈ ਚੱਲੇ
ਸੱਚੇ ਰੱਬ ਨੂੰ ਫੇਰ ਧਿਆਈਏ ਜੀ।

## 16 The Fate of Sikhs

Sikhs were in big dilemma,
were thinking where they should go?
We have no faith in Jinnah,
lest we should get entrapped in talks.
Heart is not contented with Nehru and Gandhis,
with whom we share the matters of heart.
Binder Singh, when there in no way out,
then remember the true god.

64 ਘੜੀ ਫ਼ੈਸਲੇ ਦੀ ਆਖ਼ਰ ਆਣ ਪਹੁੰਚੀ
ਮਾਸਟਰ ਤਾਰਾ ਸਿੰਘ ਖਿੱਚ ਕਿਰਪਾਨ ਬੋਲੇ।
ਭੀੜ ਆ ਬਣੀ ਸਿੱਖ ਕੌਮ ਉੱਤੇ
ਅਸੀਂ ਫਸ ਗਏ ਹਾਂ ਦਰਮਿਆਨ ਬੋਲੇ।
ਮਾਰ ਪੈ ਗਈ ਗਿਣਤੀਆਂ ਮਿਣਤੀਆਂ ਦੀ
ਬਹੁ ਗਿਣਤੀ ਨਾ ਕਿਤੇ ਸਾਡੇ ਨਾਮ ਬੋਲੇ।
ਬਿੰਦਰ ਸਿਆਂ ਹਿੰਦ ਹੈ ਮੁਲਕ ਸਾਡਾ
ਦੁਸ਼ਮਣ ਸਾਡਾ ਜੋ ਪਾਕਿਸਤਾਨ ਬੋਲੇ।

Finally came the moment of reckoning,
Master Tara Singh declared by unsheathing the sword.
It is difficult time for Sikh nation,
we are caught in between.
We are beaten in the game of numbers,
nowherewe are in majority.
Binder Singh, India is our country,
he is our enemy, who says Pakistan.


Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

## 17 ਉਜਾੜਾ ਤੇ ਹਿਜਰਤ

65 ਸਮਝ ਲੱਗੇ ਨਾ ਤੁਰਨ ਲੱਗਿਆਂ ਨੂੰ
ਕੀ ਚੁੱਕੀਏ ਤੇ ਕੀ ਇੱਥੇ ਛੱਡੀਏ ਜੀ।
ਕਈਆਂ ਸੋਚਿਆ ਗੱਲ ਦੋ ਚਾਰ ਦਿਨ ਦੀ
ਵਾਧੂ ਕਿਉਂ ਸਮਾਨ ਐਵੇਂ ਲੱਦੀਏ ਜੀ।
ਪਸ਼ੂਆਂ ਖੇਤਾਂ ਦੀ ਫ਼ਿਕਰ ਕਈ ਕਰਦੇ
ਕੱਚੀ ਫ਼ਸਲ ਕਿਵੇਂ ਹੁਣ ਵੱਢੀਏ ਜੀ ?
ਬਿੰਦਰ ਸਿਆਂ ਹੁਣ ਕਿਹੜਾ ਵਤਨ ਸਾਡਾ
ਝੰਡਾ ਕਿਹੜਾ, ਕਿਸ ਥਾਂ ਤੇ ਗੱਡੀਏ ਜੀ ?

## 17 Displacement and Migration

As they began to leave, they were confused,
what to take and what to leave behind.
Many thought it is just a matter of a few days,
why load extra luggage.
Many got worried about fields and animals,
how to reap unripe crop?
Binder Singh now which one is our country,
which flag, where to hoist?

66 ਜਿਨ੍ਹਾਂ ਪੁੱਟ ਕੇ ਜੰਗਲ ਆਬਾਦ ਕੀਤੇ
ਮਾਲਕ ਬਣੇ ਸੀ ਜੋ ਮੁਰੱਬਿਆਂ ਦੇ।
ਜਿਨ੍ਹਾਂ ਨਾਲ਼ ਪਸੀਨੇ ਦੇ ਖੇਤ ਸਿੰਜੇ
ਪੰਗੇ ਲਏ ਨਾਲ਼ ਜਾਂਗਲੀ ਕੱਬਿਆਂ ਦੇ।
ਮਿਲਖਾਂ ਵਾਲ਼ੇ ਜੋ ਰਾਜਿਆਂ ਵਾਂਗ ਰਹਿੰਦੇ
ਫ਼ਿਕਰ ਕਰਦੇ ਨਾ ਸੱਜਿਆਂ ਖੱਬਿਆਂ ਦੇ।
ਬਿੰਦਰ ਸਿਆਂ ਖ਼ਾਲੀ ਹੱਥ, ਸਿਰ ਪੈਰ ਨੰਗੇ
ਲੱਦੇ ਗਏ ਵਿਚ ਰੇਲ ਦੇ ਡੱਬਿਆਂ ਦੇ।

Those who cleared and inhabited the jungles,
who became the masters of Murabbas.
Who irrigated the fields with their sweat
and fought with wild tribals.
Owners of lands who lived like kings,
never bothered about right or left.
Binder Singh, they empty handed without cover for
head or feet, got loaded into the boxes of trains.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

67 ਉਜਾੜੇ ਪਏ ਸ਼ੁਰੂ ਕਤਲੇਆਮ ਹੋਇਆ
ਫ਼ਿਕਰ ਪੈ ਗਿਆ ਬੱਚੇ ਜ਼ਨਾਨੀਆਂ ਦਾ।
ਰਾਖੇ ਬਣ ਕੇ ਕਈਆਂ ਨੇ ਦਗ਼ਾ ਕੀਤਾ
ਰੂਪ ਧਾਰਕੇ ਵੱਡੇ ਹੈਵਾਨੀਆਂ ਦਾ।
ਕਈ ਡੱਟ ਗਏ ਅੱਗੇ ਦੀਵਾਰ ਬਣ ਕੇ
ਰਾਹ ਰੋਕ ਕੇ ਸੱਭੇ ਸ਼ੈਤਾਨੀਆਂ ਦਾ।
ਬਿੰਦਰ ਸਿਆਂ ਸ਼ਰਾਫਤਾਂ ਹਾਰ ਗਈਆਂ
ਘਾਣ ਹੋ ਗਿਆ ਬਹੁਤ ਜਵਾਨੀਆਂ ਦਾ।

With displacement started carnages,
there was worry about the children and women.
Some deceived pretending as protectors,
becoming big monsters.
Some stood like wall
blocking all satanic designs.
Binder Singh goodness got defeated,
a huge number of youth were killed.

68 ਪੁੱਛ ਦੱਸ ਨਾ ਰਹੀ ਸਿਆਣਿਆਂ ਦੀ
ਲੀਡਰ ਬਣ ਗਏ ਗਰਮ ਖ਼ਿਆਲੀਏ ਜੀ।
ਗੱਲ ਰਹੀ ਨਾ ਕੋਈ ਦਲੀਲ ਵਾਲ਼ੀ
ਸਾਰੇ ਅਕਲੋਂ ਹੋਏ ਦੀਵਾਲ਼ੀਏ ਜੀ।
ਬਣਦੇ ਸਰਦੇ ਲੋਕ ਸਭ ਪਏ ਸੋਚੀਂ
ਮਾਲ ਮੱਤਾ ਹੁਣ ਕਿਵੇਂ ਸੰਭਾਲ਼ੀਏ ਜੀ।
ਬਿੰਦਰ ਸਿਆਂ ਨਹੀਂ ਕੁਛ ਵੀ ਨਾਲ਼ ਜਾਣਾ
ਰਸਤਾ ਜਾਨ ਬਚਾਉਣ ਦਾ ਭਾਲ਼ੀਏ ਜੀ।

No one listened to wise ones,
extremists became leaders.
There was no reasonableness left,
all became bankrupt in wisdom.
The effluent ones got worried,
how they should take care of valuables.
Binder Singh nothing will go along with,
we should find ways to save life.



Sri Satguru Jagjit Singh Ji eLibrary NamdhariElibrary@gmail.com



70



Sri Satguru Jagjit Singh Ji eLibrary NamdhariElibrary@gmail.com

69 ਬੜੇ ਅੰਦਰੀਂ ਸੱਭੇ ਸ਼ਰੀਫ਼ ਲੋਕੀ
ਝੁੰਡ ਨਿਕਲ਼ੇ ਜਦੋਂ ਲਫ਼ੰਗਿਆਂ ਦੇ।
ਚੁੱਪ ਰਹੇ ਅਕਲ ਤੇ ਇਲਮ ਵਾਲ਼ੇ
ਕਾਹਨੂੰ ਪਈਏ ਅਸੀਂ ਵਿਚ ਪੰਗਿਆਂ ਦੇ।
ਜਿਹੜੇ ਲੋਕੀ ਸੀ ਮਾਲ ਅਸਬਾਬ ਵਾਲ਼ੇ
ਧੱਕੇ ਚੜ੍ਹ ਗਏ ਭੁੱਖਿਆਂ ਨੰਗਿਆਂ ਦੇ।
ਬਿੰਦਰ ਸਿਆਂ ਪਛਾਣਦਾ ਫੇਰ ਕਿਹੜਾ
ਦੌਰ ਚੱਲ ਪੈਂਦੇ ਜਦੋਂ ਦੰਗਿਆਂ ਦੇ।

All gentlemen hide inside,
when the mobs of hooligans came out.
The wise ones and educated remained silent,
why invite the troubles.
Those who were having assets,
came handy for ruffians.
Binder Singh, who recognizes,
when series of riots start.

70 ਬੁਰਛਾਗਰਦੀ ਦਾ ਰਾਜ ਸ਼ੁਰੂ ਹੋਇਆ
ਦਹਿਸ਼ਤ ਫੈਲੀ ਵਿਚ ਲੋਕਾਂ ਸਾਰਿਆਂ ਦੇ।
ਪਾਸੇ ਪੂਰਬ ਦੇ ਕੈਂਪਾਂ ਦੇ ਵਿਚ ਪਹੁੰਚੇ
ਪੱਛਮ ਵਿਚ ਬੜੇ ਗੁਰਦਵਾਰਿਆਂ ਦੇ।
ਪੈਸੇ, ਜ਼ੋਰ ਵਾਲ਼ੇ ਪਹਿਲਾਂ ਹੀ ਕੂਚ ਕਰਗੇ
ਪੇਸ਼ ਆਣ ਪਈ ਵਖਤ ਦੇ ਮਾਰਿਆਂ ਦੇ।
ਬਿੰਦਰ ਸਿਆਂ ਨਫ਼ਰਤ ਵਿਚ ਅੰਨ੍ਹਿਆਂ ਨੇ
ਹਾੜ੍ਹੇ ਸੁਣੇ ਨਾ ਕਿਸੇ ਬੇਚਾਰਿਆਂ ਦੇ।

An era of hooliganism began,
terror spreaded among all the people.
Some reached the camps on the eastern side,
in the west sought shelter in the Gurdwaras.
The ones having money and power moved earlier,
the unlucky ones were left to fate.
Bindar Singh those blinded by hate,
did not listen the cries of the helpless.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

71 ਬੁੱਢੇ, ਬੱਚੇ, ਜੁਆਨ ਨਾ ਕਿਸੇ ਬਖ਼ਸ਼ੇ
ਘਾਟ ਉੱਤਰੇ ਸੱਭੇ ਤਲਵਾਰ ਦੇ ਜੀ।
ਰਹੀ ਲਾਸ਼ਾਂ ਦੀ ਗਿਣਤੀ ਨਾ ਕਿਸੇ ਪਾਸੇ
ਦੂਤ ਮੌਤ ਦੇ ਫਿਰਨ ਫੁੰਕਾਰਦੇ ਜੀ।
ਲਪਟ ਅੱਗ ਦੀ ਉੱਠਦੀ ਹੋਰ ਉੱਚੀ
ਵੱਢੇ ਟੁੱਕੇ ਜਦ ਆਉਂਦੇ ਪਾਰ ਦੇ ਜੀ।
ਬਿੰਦਰ ਸਿਆਂ ਸੀ ਬੜਾ ਕੰਟਰੋਲ ਜਿਸ ਦਾ
ਬੇੜੇ ਬੈਠ ਗਏ ਉਸ ਸਰਕਾਰ ਦੇ ਜੀ।

No one spared the old, children and young,
all went down with the sword.
There was no count of the corpses anywhere,
messengers of death were moving around yelling.
The flames would rise higher,
when lynched bodies would come from across.
Bindar Singh, which had so much control,
the boat of that *Sarkar* sank completely.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

# 18 ਔਰਤਾਂ ਤੇ ਜ਼ੁਲਮ

72 ਢੇਰ ਲਾਸ਼ਾਂ ਦੇ ਖ਼ੂਨੋ ਖ਼ੂਨ ਧਰਤੀ
ਜਿੱਥੇ ਪੰਜ ਦਰਿਆ ਸੀ ਵਗਦੇ ਜੀ।
ਕੁੜੀਆਂ ਕੰਜਕਾਂ ਜਿੰਦਾਂ ਮਲੂਕ ਜਿਹੀਆਂ
ਕਰੀਆਂ ਨੰਗੀਆਂ ਅੱਗੇ ਜੱਗ ਦੇ ਜੀ।
ਕੱਚੀਆਂ ਕਲੀਆਂ ਦੇ ਤੁੱਲ ਮਸੂਮ ਬੱਚੇ
ਵਿਚ ਸਾੜਤੇ ਦਹਿਕਦੀ ਅੱਗ ਦੇ ਜੀ।
ਬਿੰਦਰ ਸਿਆਂ ਜਹਾਲਤ ਪੰਜਾਬੀਆਂ ਦੀ
ਨੰਗੀ ਹੋਈ ਅੱਗੇ ਰੱਬ ਤੇ ਜੱਗ ਦੇ ਜੀ।

## 18 The Atrocities on Women

Heaps of corpses and blood-soaked land,
where once five rivers were flowing.
The virgin girls like tender lives,
were stripped before the world.
The children like fresh buds,
were burnt into flames of fire.
Binder Singh, the savagery of Punjabis,
was exposed before the god and the world.

73 ਚਾਰੇ ਪਾਸੇ ਇੱਕੋ ਅੱਗ ਫੈਲੀ
ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਅੰਦਰ।
ਸੁੱਤੇ ਸਿੱਧ ਹੀ ਆਪੇ ਜਾ ਫਸਿਆ
ਬੇੜਾ ਪੰਜਾਬ ਦਾ ਭੰਵਰ ਦੀ ਲਹਿਰ ਅੰਦਰ।
ਹੋਈਆਂ ਖ਼ਤਮ ਬਹੁਤ ਅਣਭੋਲ ਜਾਨਾਂ
ਬੇਵਖ਼ਤ ਹੋਣੀ ਦੇ ਕਹਿਰ ਅੰਦਰ।
ਬਿੰਦਰ ਸਿਆਂ ਉਹ ਫੁੱਟ ਕੇ ਬਾਹਰ ਆਈ
ਭਰੀ ਗਈ ਜੋ ਦਿਲਾਂ ਦੇ ਜ਼ਹਿਰ ਅੰਦਰ।

The fire was spreaded all around,
in all villages and all cities.
Spontaneously got entrapped,
the boat of Punjab into the waves of swirl.
Numerous innocent lives ended,
In the untimely calamity of fate.
Binder Singh, it bursted out,
the poison which was filled in the hearts.



74 ਗੱਲ ਰਹੀ ਨਾ ਕਹਿਣ ਕਹਾਉਣ ਵਾਲ਼ੀ
ਐਸੇ ਦੌਰ ਆਏ ਬਦਨਸੀਬੀਆਂ ਦੇ।
ਕਈਆਂ ਖ਼ੁਦ ਖ਼ਤਰੇ ਵਿਚ ਜਾਨ ਪਾਈ
ਰਾਖੇ ਬਣ ਕੇ ਕਈ ਕਰੀਬੀਆਂ ਦੇ।
ਕਈ ਤੁਰ ਪਏ ਲੁੱਟਣ ਨਿਹੱਥਿਆਂ ਨੂੰ
ਆਪ ਮਾਰੇ ਹੋਏ ਭੁੱਖਾਂ ਗ਼ਰੀਬੀਆਂ ਦੇ।
ਬਿੰਦਰ ਸਿਆਂ ਨਾ ਕਿਸੇ ਦੇ ਨਾਲ਼ ਹੋਵੇ
ਜਿਹੜੀ ਹੋਈ ਨਾਲ ਭੋਲ਼ੀਆਂ ਬੀਬੀਆਂ ਦੇ।

The series of calamities,
which happened were beyond words.
Many took the risk of life,
becoming the saviors of near ones.
Many out of hunger and desperation,
started looting the unarmed ones.
Binder Singh, no one should go through such fate,
which innocent women folk faced.

75 ਇਕ ਪਿੰਡ ਦਾ ਨਾਂ ਥੋਆ ਖ਼ਾਲਸਾ ਸੀ
ਜੀਹਦੀਆਂ ਚੱਲੀਆਂ ਬਹੁਤ ਕਹਾਣੀਆਂ ਸੀ।
ਸਿੱਖ ਹਿੰਦੂ ਯੁੱਗਾਂ ਤੋਂ ਵੱਸਦੇ ਸੀ
ਮੁਸਲਿਮਾਂ ਨਾਲ ਵੀ ਸਾਂਝਾਂ ਪੁਰਾਣੀਆਂ ਸੀ।
ਭੀੜਾਂ ਆ ਪਈਆਂ ਜਦੋਂ ਇੱਜ਼ਤਾਂ ਤੇ
ਕੱਠੀਆਂ ਹੋ ਗਈਆਂ ਧੀਆਂ ਧਿਆਣੀਆਂ ਸੀ।
ਬਿੰਦਰ ਸਿਆਂ ਖੂਹ ਵਿਚ ਜਾ ਕੁੱਦੀਆਂ
ਐਸੀਆਂ ਪਾਕ ਪਵਿੱਤਰ ਸੁਆਣੀਆਂ ਸੀ।

One village was named Thoa Khalsa,
whose stories spreaded far and wide.
Sikhs and Hindus were residing from ages,
relations with Muslims were also very old.
When the crisis became the matter of honor,
all women folk gathered.
Binder Singh, they jumped into a well,
they were such virtuous and pure women.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

76 ਕਈ ਮਰ ਗਈਆਂ ਫੀਮ ਦੇ ਖਾ ਗੋਲ਼ੇ
ਆਪਣੀ ਜਾਨ ਦੀ ਨਹੀਂ ਪ੍ਰਵਾਹ ਕੀਤੀ।
ਕਈ ਆਪ ਹੀ ਅਗਨ ਭੇਟ ਹੋਈਆਂ
ਦੇਹੀ ਸਾੜ ਕੇ ਖ਼ੁਦ ਸੁਆਹ ਕੀਤੀ।
ਕਈਆਂ ਘਰਦਿਆਂ ਦਾ ਕਰਕੇ ਮਿੰਨਤ ਤਰਲਾ
ਪਤ ਰੱਖਣੇ ਲਈ ਜਿੰਦ ਤਬਾਹ ਕੀਤੀ।
ਬਿੰਦਰ ਸਿਆਂ ਨਾ ਕਿਸੇ ਦੀ ਵਾਹ ਚੱਲੀ
ਉੱਪਰ ਵਾਲ਼ੇ ਨੇ ਜਦੋਂ ਬੇਵਾਹ ਕੀਤੀ।

Many died consuming opium balls,
not bothered about life.
Many themselves submitted to fire,
burning bodies turning into ashes.
Many begged to the family members,
ended lives to save the honor.
Binder Singh, no one could do anything,
when god made them helpless.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 19 ਉਜਾੜਾ ਤੇ ਨਰਕੀ ਸਫ਼ਰ

77 ਕੰਬੇ ਕਾਲ਼ਜੇ ਹੋਸ਼ਾਂ ਗੁੰਮ ਹੋਈਆਂ
ਵਖਤ ਆਣ ਪਹੁੰਚੇ ਜਦੋਂ ਉਜਾੜਿਆਂ ਦੇ।
ਘਰ, ਦੌਲਤਾਂ ਅਤੇ ਜ਼ਮੀਨ ਵਾਲ਼ੇ
ਹੋਏ ਮੁਹਤਾਜ ਕਿਰਾਇਆਂ ਭਾੜਿਆਂ ਦੇ।
ਅੱਗਾ ਪਤਾ ਨਹੀਂ ਪਿੱਛਾ ਛੱਡ ਚੱਲੇ
ਉੱਤੋਂ ਖ਼ੌਫ਼ ਰਾਹਾਂ ਵਿਚ ਧਾੜਿਆਂ ਦੇ।
ਬਿੰਦਰ ਸਿਆਂ ਭੁਗਤਦੇ ਆਮ ਲੋਕੀ
ਫਲ਼ ਹਾਕਮਾਂ ਦੇ ਕਰਮਾਂ ਮਾੜਿਆਂ ਦੇ।

## 19 Displacement and The Hellish journey

Hearts trembled, minds got lost,
When the moment of ruinations came.
Owners of homes, wealth and land,
became helpless for fares and rents.
No idea of future ahead, have left behind the past,
looming fear of attacks on the way.
Bindar Singh, common people suffer,
the results of bad deeds of rulers.

78 ਅਗਸਤ ਚੜ੍ਹਦਿਆਂ ਚੜ੍ਹਦਿਆਂ ਭਾਂਬੜਾਂ ਨੇ
ਘੇਰਾ ਪਾ ਲਿਆ ਸਾਰੇ ਪੰਜਾਬ ਨੂੰ ਜੀ।
ਰਿਹਾ ਕੋਈ ਨਾ ਐਸਾ ਮੁਲਕ ਅੰਦਰ
ਸੂਤ ਕਰਦਾ ਜੋ ਏਸ ਹਿਸਾਬ ਨੂੰ ਜੀ।
ਆਖ਼ਰ ਆਣ ਪਹੁੰਚੇ ਸਮੇਂ ਵਿਛੋੜਿਆਂ ਦੇ
ਸਮੇਟ ਲਿਆ ਸਭ ਮਾਲ ਅਸਬਾਬ ਨੂੰ ਜੀ।
ਬਿੰਦਰ ਸਿਆਂ ਇੱਕ ਨੂੰ ਛੱਡ ਪਿੱਛੇ
ਲੋਕੀ ਉੱਠ ਚੱਲੇ ਨਵੇਂ ਅਜ਼ਾਬ ਨੂੰ ਜੀ।

Till the beginning of August,
flames surrounded all Punjab.
There was no one in country,
who could handle this crisis.
Finally, the time of parting arrived,
collected all bag and baggage.
Binder Singh, leaving behind one,
people are going towards new hell.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

79 ਤੁਰੇ ਕਾਫ਼ਲੇ ਨਵੀਆਂ ਮੰਜ਼ਿਲਾਂ ਨੂੰ
ਆਪੋ ਆਪਣੀਆਂ ਸਾਂਭ ਸਵਾਰੀਆਂ ਜੀ।
ਘੋੜੇ ਗੱਡੀਆਂ ਲਸ਼ਕਰ ਪੈਦਲਾਂ ਦੇ
ਸਮਾਨ ਥੋੜ੍ਹਾ ਤੇ ਮੁਸ਼ਕਲਾਂ ਭਾਰੀਆਂ ਜੀ।
ਭੁੱਖ ਦੁੱਖ ਤੇ ਮਾਰੇ ਝੋਰਿਆਂ ਦੇ
ਕਈ ਤੜਫਦੇ ਨਾਲ਼ ਬਿਮਾਰੀਆਂ ਜੀ।
ਬਿੰਦਰ ਸਿਆਂ ਕਈਆਂ ਰਾਹ ਵਿਚ ਦਮ ਤੋੜੇ
ਭੌਰ ਉੱਡ ਗਏ ਮਾਰ ਉਡਾਰੀਆਂ ਜੀ।

The caravans moved towards new destinations,
taking care of their passengers.
Horses, carts and hordes of pedestrians,
with little luggage and huge difficulties.
Hunger, sorrow and dying with worries,
many writhing with ailments.
Binder Singh many collapsed on the way,
the souls flew away like birds.

80 ਲਾਸ਼ਾਂ ਲਾਸ਼ਾਂ ਦੀ ਕਰਨ ਸੰਭਾਲ ਕਿੱਦਾਂ
ਕਿੱਥੇ ਦਫ਼ਨ ਤੇ ਕਿਥੇ ਸੰਸਕਾਰ ਕਰਦੇ।
ਆਪ ਉੱਜੜੇ ਰਾਹਾਂ ਦੇ ਵਿਚ ਰੁਲ਼ਦੇ
ਰਸਮਾਂ ਪੂਰੀਆਂ ਕੀ ਰਿਸ਼ਤੇਦਾਰ ਕਰਦੇ।
ਫ਼ਿਕਰ ਆਪਣੀ ਜਾਨ ਦੀ ਪਈ ਸਭ ਨੂੰ
ਜਥੇ ਕਾਤਲਾਂ ਦੇ ਫਿਰਨ ਮਾਰੋ ਮਾਰ ਕਰਦੇ।
ਬਿੰਦਰ ਸਿਆਂ ਕਈ ਰਾਹਾਂ ਵਿਚ ਹੋਏ ਪੂਰੇ
ਕੌਣ ਇਹਨਾਂ ਦੇ ਕਾਰ ਵਿਹਾਰ ਕਰਦੇ ?

How the corpses can take care of corpses,
where to bury and where to cremate.
Themselves ruined and lost in the ways,
how the relatives would complete the rites.
All were scared for their own life,
the gangs of killers were roaming furiously.
Binder Singh many passed away on the ways,
who would perform their last rites?



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

81 ਬੰਦੇ ਸਭਨੀਂ ਥਾਈਂ ਹੈਵਾਨ ਹੋ ਗੇ
ਦਿੱਲੀ, ਆਗਰਾ ਕੀ ਵਿਚ ਪਿਸ਼ੌਰ ਦੇ ਜੀ।
ਦੇਖਦੇ ਸਾਰ ਬੇਗਾਨੀਆਂ ਔਰਤਾਂ ਨੂੰ
ਮਰਦ ਝਪਟਦੇ ਵਾਂਗ ਜਨੌਰ ਦੇ ਜੀ।
ਵਧ ਕੇ ਉਮਰਾਂ ਨਾਲ਼ੋਂ ਹੋਏ ਲੰਮੇ
ਫ਼ਾਸਲੇ ਅੰਬਰਸਰ ਅਤੇ ਲਾਹੌਰ ਦੇ ਜੀ।
ਬਿੰਦਰ ਸਿਆਂ ਆਤਮਾ ਕੰਬ ਜਾਂਦੀ
ਸੁਣਕੇ ਅੱਜ ਵੀ ਜ਼ੁਲਮ ਉਸ ਦੌਰ ਦੇ ਜੀ।

Men turned into monsters everywhere,
may it be Delhi, Agra or Peshawar.
Seeing the other women,
they would pounce upon like animals.
The distances between Amritsar and Lahore,
increased beyond ages.
Binder Singh one's soul trembles
listening to the cruelties of those days.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 20 ਇਨਸਾਨੀ ਫ਼ਿਤਰਤ

82 ਬਹੁਤੇ ਸੋਚ ਤੁਰੇ, ਗੱਲ ਦੋ ਚਾਰ ਦਿਨ ਦੀ
ਮੁੜ ਵਸਾਂਗੇ ਅਸੀਂ ਇੱਥੇ ਆਣਕੇ ਜੀ।
ਮਾੜੇ ਵਖਤ ਨੇ ਆਖ਼ਰ ਲੰਘ ਜਾਣਾ
ਵੇਲ਼ਾ ਕੱਢੀਏ ਨਬਜ਼ ਪਛਾਣ ਕੇ ਜੀ।
ਹੋ ਜਾਣਗੇ ਠੀਕ ਹਾਲਾਤ ਆਪੇ
ਕੀ ਕਰਾਂਗੇ ਪਾਣੀ ਨੂੰ ਛਾਣ ਕੇ ਜੀ ?
ਬਿੰਦਰ ਸਿਆਂ ਮਾਲਕ ਦੀ ਮਿਹਰ ਹੋਵੇ
ਫੇਰ ਸੌਂਵਾਂਗੇ ਲੰਮੀਆਂ ਤਾਣ ਕੇ ਜੀ।

## 20 Human Nature

Many thought it is a matter of few days,
we may come back and resettle.
Bad times will go away,
let us feel the pulse of times and let it go.
Conditions will improve gradually,
what will come out of sieving water?
Binder Singh, god willing may
again sleep peacefully.

83 ਕਈ ਰਹਿਗੇ ਬਦਲ ਕੇ ਧਰਮ ਅਪਣਾ
ਮਾਸ ਖਾਕੇ ਗਊ ਜਾਂ ਸੂਰ ਵਾਲ਼ਾ।
ਕਹਿੰਦੇ ਰੱਬ ਦੇ ਨਾਲ਼ੋਂ ਘਸੁੰਨ ਨੇੜੇ
ਰਿਸ਼ਤਾ ਧਰਮ ਦਾ ਬੰਦੇ ਤੋਂ ਦੂਰ ਵਾਲ਼ਾ।
ਜਾਨ ਹੈ ਤਾਂ ਨਾਲ਼ ਜਹਾਨ ਵੀ ਹੈ
ਕੀਹਨੇ ਪੁੱਛਣੈ ਕੌਣ ਕਸੂਰ ਵਾਲ਼ਾ ?
ਬਿੰਦਰ ਸਿਆਂ ਕੌਣ ਸਮਾਨ ਚੁੱਕੂ
ਕੀਹਨੇ ਦੇਖਿਆ ਵਤਨ ਹੈ ਦੂਰ ਵਾਲ਼ਾ।

Some stayed back by changing religion,
eating meat of cow or pig.
They said fist is closer than god,
the relation of religion is distant than man.
World is, if one is alive,
who is going to find, who is at fault?
Binder Singh who will pick up the luggage,
who has seen the distant country.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

84 ਪਏ ਸੋਚਦੇ ਕਈ ਗ਼ਰੀਬ ਲੋਕੀ
ਸਿਰ ਝੋਕੀਏ ਨਾ ਵਿਚ ਤਰਥੱਲੀਆਂ ਦੇ।
ਗੋਹੇ ਕੂੜੇ ਨਾਲ਼ ਰਹਿਣਾ ਵਾਹ ਸਾਡਾ
ਸਾਨੂੰ ਆਸਰੇ ਕੀ ਪੈਲ਼ੀਆਂ ਮੱਲੀਆਂ ਦੇ ?
ਧਰਮ ਕਰਮ ਸਾਡੇ ਲਈ ਸਭ ਇੱਕੋ
ਵਿਚ ਪਈਏ ਨਾ ਬਹਿਸਾਂ ਝੱਲੀਆਂ ਦੇ।
ਬਿੰਦਰ ਸਿਆਂ ਮੁਲਕ ਚਾਹੇ ਕੋਈ ਹੋਵੇ
ਭਾਗ ਉਹੀ ਰਹਿਣੇ ਮਜ਼ਬੀ ਮੁਸੱਲੀਆਂ ਦੇ।

The poor ones thought,
we should not run headlong into turmoil.
We have to do cleaning,
what we have to do with the possession of lands ?
All religious practices are same for us,
we should not indulge in useless debates.
Binder Singh in any country,
The fate of lowest ones remains the same.

85 ਵੱਡੇ ਲੋਕ ਲੀਡਰ ਸਭ ਬਚ ਨਿਕਲੇ
ਸਾਰੇ ਅਸਰ ਰਸੂਖ਼ ਪੈਸੇ ਵਾਲੜੇ ਜੀ।
ਬੇਵੱਸ ਗ਼ਰੀਬ ਮਜ਼ਲੂਮ ਵੀ ਕਈ
ਦਬਕੇ ਰਹਿ ਗਏ ਮੰਦੇ ਹਾਲੜੇ ਜੀ।
ਮਾਰ ਪੈ ਗਈ ਖਾਂਦਿਆਂ ਪੀਂਦਿਆਂ ਨੂੰ
ਜਿਹੜੇ ਫਸ ਗਏ ਵਿਚ ਵਿਚਾਲੜੇ ਜੀ।
ਲੁੱਟੀਆਂ ਅਣਖਾਂ, ਇੱਜ਼ਤਾਂ, ਜਾਇਦਾਦਾਂ
ਬਿੰਦਰ ਸਿਆਂ ਜਦ ਹੋਏ ਉਧਾਲੜੇ ਜੀ।

Big ones, leaders all escaped,
those having money and influence.
Many poor helpless destitute,
stayed back in wretched conditions.
Calamity came for the those who have resources
but were caught in between.
Binder Singh the dignities, honors and properties
were looted, when there were abductions.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

86 ਹੋਸ਼ ਰਹੀ ਟਿਕਾਣੇ ਨਾ ਕਿਸੇ ਦੀ ਵੀ
ਜਦੋਂ ਦੌਰ ਚੱਲੇ ਵੱਡੀਆਂ ਆਫ਼ਤਾਂ ਦੇ।
ਨੇਕੀ ਬਦੀ ਦੇ ਸੱਭੇ ਰਿਕਾਰਡ ਟੁੱਟੇ
ਜਿਹੜੇ ਸੁਣੇ ਨਾਂ ਵਿਚ ਕਹਾਵਤਾਂ ਦੇ।
ਕਈ ਨਫ਼ਰਤਾਂ ਵਿਚ ਹੈਵਾਨ ਹੋ ਗਏ
ਕਈ ਮਾਰੇ ਗਏ ਵਿਚ ਸ਼ਰਾਫ਼ਤਾਂ ਦੇ।
ਬਿੰਦਰ ਸਿਆਂ ਉਨ੍ਹਾਂ ਦਾ ਰੱਬ ਰਾਖਾ
ਹਾਥੀ ਬਿਗੜ ਜਾਣ ਜਿਹੜੇ ਮਹਾਵਤਾਂ ਦੇ।

No one was left with good sense,
when series of huge calamities occurred.
All records of good and evil were beaten,
things happened which were never heard off.
Some turned into monsters with hate,
many got killed in decency.
Binder Singh, only god may save those keepers,
whose elephants go wild.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

# 21 ਅੰਗਰੇਜ਼ ਅਫਸਰ ਤੇ ਫ਼ਿਰਕੂ ਲੀਡਰ

## 21 English Officers and Communal leaders

87 ਅੰਗਰੇਜ਼ ਅਫ਼ਸਰਾਂ ਜਾਣ ਕੇ ਚੁੱਪ ਵੱਟੀ
ਅੰਦਰੋਂ ਅੰਦਰੀਂ ਲੈਣ ਸੁਆਦ ਲੱਗੇ ।
ਚੋਰਾਂ ਠੱਗਾਂ ਦਾ ਹੋਇਆ ਬੋਲ ਬਾਲਾ
ਥਾਂ ਥਾਂ ਭੜਕਣ ਜਦੋਂ ਫ਼ਸਾਦ ਲੱਗੇ।
ਲੀਡਰ ਬੈਠ ਗਏ ਚਿੰਬੜ ਕੇ ਕੁਰਸੀਆਂ ਨੂੰ
ਰਹਿਬਰੀ ਲੋਕਾਂ ਦੀ ਕਰਨ ਜਲਾਦ ਲੱਗੇ।
ਬਿੰਦਰ ਸਿਆਂ ਉਜਾੜ ਕੇ ਵੱਸਦਿਆਂ ਨੂੰ
ਨਵੇਂ ਮੁਲਕ ਦੇਖੋ ਕਰਨ ਆਬਾਦ ਲੱਗੇ।

English officers knowingly remained silent,
secretly enjoying.
The thugs and thieves dominated,
when riots erupted everywhere.
Leaders remained stuck to chairs,
the cruel ones became the guides.
Binder Singh, look, by displacing the settled ones,
new countries are being established.

88 ਮੁੰਡੇ ਖੁੰਡਿਆਂ ਨੂੰ ਨੈਸ਼ਨਲ ਗਾਰਡ ਕਹਿਕੇ
ਅੱਗੇ ਲਾ ਲਿਆ ਮੁੱਲਾਂ ਮੁਲਾਣਿਆਂ ਨੇ।
ਪਰਲੇ ਪਾਰ ਦੀ ਦੇਖ ਕੇ ਕੱਟ ਵੱਢ ਨੂੰ
ਇੱਧਰ ਚੁੱਕੇ ਹਥਿਆਰ ਜਰਵਾਣਿਆਂ ਨੇ।
ਲੂਤੀ ਲਾ ਫ਼ਰੰਗੀ ਹੋਏ ਪਾਸੇ,
ਉੱਤੇ ਤੇਲ ਪਾਇਆ ਲੀਡਰ 'ਸਿਆਣਿਆਂ' ਨੇ।
ਬਿੰਦਰ ਸਿਆਂ ਫ਼ੈਸਲੇ ਵੱਡਿਆਂ ਦੇ
ਮੁੱਲ ਤਾਰਿਆ ਸਦਾ ਨਿਆਣਿਆਂ ਨੇ।

Mullahs pushed forward by labelling
young boys as national guards.
Seeing the massacres of other side,
the brutes took up arms on this side.
After inciting *Firangis*, step aside,
while 'wise' leaders put oil on it.
Binder Singh always children pay for
the decisions of elder ones.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

89 ਤਿੰਨ ਮਹੀਨਿਆਂ ਪਿੱਛੋਂ ਕੁਛ ਠੱਲ੍ਹ ਪਈ
ਆਦਮਜ਼ਾਤ ਦੇ ਇਹਨਾਂ ਕਾਰਿਆਂ ਨੂੰ।
ਬਿਖਰੇ ਤਿਣਕੇ ਮੁੜ ਕੇ ਚੁਗਣ ਲੱਗੇ
ਫ਼ਿਕਰ ਪੈ ਗਿਆ ਘਰਾਂ ਦਾ ਸਾਰਿਆਂ ਨੂੰ।
ਉੱਜੜੇ ਉੱਧਲ਼ੇ ਮਰੇ ਕਿੰਨੇ, ਕੌਣ ਜਾਣੇ
ਕਿਹੜਾ ਗਿਣਦੈ ਵਖਤ ਦੇ ਮਾਰਿਆਂ ਨੂੰ ?
ਬਿੰਦਰ ਸਿਆਂ ਲੱਖਾਂ ਮਰੇ ਤੇ ਕਈ ਕਰੋੜ ਉੱਜੜੇ,
ਗਿਣ ਸਕੇ ਨੀ ਅਜੇ ਉਧਾਲ਼ਿਆਂ ਨੂੰ।

There was little respite after three months
to these misdeeds of men.
Start gathering scattered straws,
all got worried about homes.
How many ruined, abducted, killed who knows?
who counts the victims of fate.
Binder Singh lakhs died and crores dislocated,
no count of abducted ones.

90 ਜ਼ੁਲਮ ਦੇਖ ਕੇ ਰੱਬ ਵੀ ਕੰਬ ਉੱਠਿਆ
ਰੱਬ ਰੋਇਆ ਮੀਂਹ ਬਣ ਕੇ ਜ਼ੋਰ ਦਾ ਜੀ।
ਦਰਿਆ ਵਗ ਪਏ ਦੁੱਖਾਂ ਦੇ ਨਾਲ ਭਰ ਕੇ
ਹੜ੍ਹ ਆ ਗਿਆ ਵੱਡੇ ਜ਼ੋਰ ਦਾ ਜੀ।
ਲਾਸ਼ਾਂ ਰੋੜ੍ਹੀਆਂ, ਖ਼ੂਨ ਦੇ ਦਾਗ਼ ਧੋਤੇ
ਬੱਦਲ ਵੌਸਿਆ ਜਦੋਂ ਘਨਘੋਰ ਦਾ ਜੀ।
ਬਿੰਦਰ ਸਿਆਂ ਰੱਬ ਦੀਆਂ ਰੱਬ ਜਾਣੇ
ਕੀਹਨੂੰ ਭੇਤ ਹੈ ਸਮੇਂ ਦੀ ਤੋਰ ਦਾ ਜੀ।

Even God trembled seeing the brutality and
cried in the form of heavy rain.
The rivers flown full of grief,
there was massive flood.
Carried away corpses, washed blood stains,
when dark clouds down poured.
Binder Singh, only God knows his mysteries,
who knows the secrets of the moves of time.





Sri Satguru Jagjit Singh Ji eLibrary NamdhariElibrary@gmail.com

# 22 ਰਫ਼ਿਊਜੀਆਂ ਦੀ ਦਸ਼ਾ

## 22 Condition of Refugees

91 ਹੋਰ ਨਵੀਆਂ ਥਾਵਾਂ ਤੇ ਆਣ ਉੱਤਰੇ
ਪਿੱਛੇ ਛੱਡ ਕੇ ਧਰਤੀਆਂ ਪੂਜੀਆਂ ਨੂੰ।
ਜ਼ਖ਼ਮ ਦਿਲਾਂ ਚ ਦੱਬ ਕੇ ਤੁਰੇ ਅੱਗੇ
ਲੱਗੇ ਸਿੱਝਣ ਮੁਸ਼ਕਲਾਂ ਦੂਜੀਆਂ ਨੂੰ।
ਦੇਸ਼ ਆਪਣਾ ਹੀ ਪਰਦੇਸ ਹੋਇਆ
ਬਿੱਲੇ ਲੱਗ ਗਏ ਜਦੋਂ ਰਫ਼ਿਊਜੀਆਂ ਨੂੰ।
ਬਿੰਦਰ ਸਿਆਂ ਕੈਂਪਾਂ ਦੇ ਵਿਚ ਭਾਲਣ
ਰੂਹਾਂ ਵਿੱਛੜੀਆਂ ਹੋਈਆਂ ਇੱਕ ਦੂਜੀਆਂ ਨੂੰ।

They descended at new places,
Leaving behind their revered lands.
Burying the wounds in their hearts,
they moved on to tackle new difficulties.
Their own country became alien,
when they were labelled as refugees.
Bindar Singh, separated souls were searching
for each other in the camps.

92 ਥਾਂ ਥਾਂ ਲੱਗ ਗਏ ਕੈਂਪ ਰਫ਼ਿਊਜੀਆਂ ਦੇ
ਖਾਣ ਪੀਣ ਦੇ ਕੁਛ ਸਾਜ਼ ਬਾਜ਼ ਹੋ ਗਏ।
ਹੋਈਆਂ ਕੋਸ਼ਿਸ਼ਾਂ ਮਰਹਮ ਲਾਉਣ ਦੀਆਂ
ਛੋਟੇ ਜ਼ਖ਼ਮਾਂ ਦੇ ਸ਼ੁਰੂ ਇਲਾਜ ਹੋ ਗਏ।
ਗਿਲਾ ਕਰਦੇ ਕੀ ਨਾਲ਼ ਬੇਗਾਨਿਆਂ ਦੇ
ਭਾਗ ਜਿਨ੍ਹਾਂ ਦੇ ਨਾਲ਼ ਨਰਾਜ਼ ਹੋ ਗਏ।
ਬਿੰਦਰ ਸਿਆਂ ਦਾਨ ਪੁੰਨ ਕਰਨ ਵਾਲ਼ੇ
ਦਾਣੇ ਦਾਣੇ ਨੂੰ ਆਪ ਮੁਥਾਜ ਹੋ ਗਏ।

Camps of refugees came up everywhere,
some provisions for food were made.
Efforts were made to apply balm,
small injuries were being treated.
How could they complain to others?
whose own fate has turned against them.
Bindar Singh those who were big donors,
became dependent for morsels of grains.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

93 ਗਈ ਦੇਰ ਸਰਕਾਰਾਂ ਨੂੰ ਸੁਰਤ ਆਈ
ਖੋਈਆਂ ਔਰਤਾਂ ਲਿਆਈਏ ਭਾਲ ਕੇ ਜੀ।
ਲੁੱਟੀਆਂ ਇੱਜ਼ਤਾਂ ਮੁੜ ਬਹਾਲ ਕਰੀਏ
ਜ਼ਾਲਮ ਲੈ ਗਏ ਸੀ ਜੋ ਉਧਾਲਕੇ ਜੀ।
ਕੱਟੀਆਂ ਟਾਹਣੀਆਂ ਰੁੱਖਾਂ ਤੇ ਫੇਰ ਜੜੀਏ
ਜੋੜੀਏ ਸ਼ੀਸ਼ਿਆਂ ਨੂੰ ਬੜਾ ਸੰਭਾਲ ਕੇ ਜੀ।
ਬਿੰਦਰ ਸਿਆਂ ਜ਼ਖ਼ਮ ਫਿਰ ਹਰੇ ਕੀਤੇ
ਰੱਖੇ ਦਿਲੀਂ ਸੀ ਜੋ ਸੰਭਾਲ ਕੇ ਜੀ।

After a long time the governments woke up
to find and bring back the missing women.
Let us retrieve the lost honors
which were abducted by the oppressors.
Let us rejoin the cast away branches to the trees,
carefully stick together the broken glasses.
Bindar Singh the wounds were again refreshed
which were kept hidden in the hearts.

94 ਰਾਵਲਪਿੰਡੀ, ਗੁਜਰਾਤ ਤੇ ਲਾਇਲਪੁਰ ਤੋਂ
ਗੁੱਜਰਾਂਵਾਲ਼ਾ, ਮੁਲਤਾਨ ਲਾਹੌਰ ਤੋਂ ਜੀ।
ਬਹਾਵਲਪੁਰ, ਸਿਆਲਕੋਟ ਤੇ ਸਾਹੀਵਾਲੋਂ
ਉੱਜੜ ਆਏ ਜੋ ਪਰੇ ਪਿਸ਼ੌਰ ਤੋਂ ਜੀ।
ਆ ਕੇ ਉੱਤਰੇ ਉੱਜੜੀਆਂ ਢੇਰੀਆਂ ਤੇ
ਭੁੱਖ ਨੰਗ ਕੀਤੇ ਬੁਰੇ ਜਨੌਰ ਤੋਂ ਜੀ।
ਬਿੰਦਰ ਸਿਆਂ ਕਦੇ ਨਾ ਰੱਬ ਕੱਢੇ
ਕਿਸੇ ਕੌਮ ਨੂੰ ਐਸੇ ਦੌਰ ਚੋਂ ਜੀ।

From Rawalpindi, Gujrat, Lyallpur,
Gujranwala, Multan, and Lahore
Bahawalpur, Sialkot and Sahiwal
Even those dislocated from Peshawar.
They descended on deserted mounds,
made worse than animals by hunger and scarcity.
Bindar Singh may God never take
any community through such times.




Sri Satguru Jagjit Singh Ji eLibrary NamdhariElibrary@gmail.com

95 ਮਾਝਾ ਉਜੜਕੇ ਮਾਲਵੇ ਵੱਲ ਤੁਰਿਆ
ਅੱਗੇ ਲੰਘ ਕੇ ਨਦੀਆਂ ਨਾਲ਼ਿਆਂ ਤੋਂ।
ਕੁਰਸ਼ੇਤਰ ਤੇ ਜਾ ਕਰਨਾਲ ਬੈਠੇ
ਪਾਰ ਲੰਘ ਪਟਿਆਲੇ ਅੰਬਾਲਿਆਂ ਤੋਂ।
ਸ਼ਹਿਰੀਂ ਭਟਕਣ ਜੋ ਸ਼ਹਿਰੀਂ ਵੱਸਦੇ ਸੀ
ਪੇਂਡੂ ਰਾਹ ਪੁੱਛਣ ਪਿੰਡਾਂ ਵਾਲ਼ਿਆਂ ਤੋਂ।
ਬਿੰਦਰ ਸਿਆਂ ਦੇਖ ਅਰਸ਼ੋਂ ਫ਼ਰਸ਼ ਡਿੱਗੇ
ਬਣੇ ਮੰਗਤੇ ਮਿਲਖਾਂ ਵਾਲ਼ਿਆਂ ਤੋਂ।

Majha uprooted moved towards Malwa,
crossing rivers and rivulets
Settled at Kurukshetra and Karnal.
Going beyond Patialas and Ambalas.
Who were city dwellers strayed into cities,
the villagers were asking the ways from the villagers.
Bindar Singh look, they fell from the sky to the earth,
turned into beggars from landlords.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 23 ਮੁੜ ਵਸੇਬੇ ਦੀਆਂ ਮੁਸ਼ਕਲਾਂ

96 ਮਹਿੰਦਰ ਸਿੰਘ ਰੰਧਾਵਾ ਸੀ ਇਕ ਅਫ਼ਸਰ
ਮੁੜ ਕੇ ਉੱਜੜੇ ਫੇਰ ਵਸਾਉਣ ਵਾਲ਼ਾ।
ਕਾਗਜ਼ ਪੜ੍ਹੇ ਸਾਰੇ ਦਿਨ ਰਾਤ ਲਾ ਕੇ
ਅਪਣਾ ਸਮਝਿਆ ਹਰ ਇੱਕ ਆਉਣ ਵਾਲ਼ਾ।
ਘੜੀ ਭਰ ਦੀ ਢਿੱਲ ਨਾ ਉਸ ਕੀਤੀ
ਜਿੱਥੇ ਫ਼ੈਸਲਾ ਸੀ ਕੋਈ ਸੁਣਾਉਣ ਵਾਲ਼ਾ।
ਬਿੰਦਰ ਸਿਆਂ ਰੱਬ ਤੌਫ਼ੀਕ ਦੇਂਦਾ
ਕੋਈ ਕੋਈ ਜੰਮਦਾ ਨਾਮ ਕਮਾਉਣ ਵਾਲ਼ਾ।

## 23 The Problems of Rehablitation

Mohinder Singh Randhawa was one officer,
who rehabilitated the uprooted.
Went through all papers spending days and nights,
considered everyone as his own, who came to him.
He did not delay even for a moment,
when he had to take a decision.
Bindar Singh God gives power to those rare ones
who are  born to earn name and fame.

97 ਹੋਈਆਂ ਬੀਤੀਆਂ ਨੂੰ ਮੱਧਮ ਕਰਨ ਲੱਗੇ
ਚੱਕਰ ਚੱਲ ਪਏ ਸ਼ਾਮ ਸਵੇਰ ਦੇ ਜੀ।
ਇੱਕ ਡੰਗ ਦੀ ਰੋਟੀ ਖਾ ਬਹਿੰਦੇ
ਅਗਲੇ ਡੰਗ ਦੇ ਫ਼ਿਕਰ ਆ ਘੇਰਦੇ ਜੀ।
ਜਦੋਂ ਅਗਲੀ ਘੜੀ ਦਾ ਹੋਏ ਸੰਸਾ
ਫ਼ਿਕਰ ਕੌਣ ਕਰੇ ਫੇਰ ਚੁਫੇਰ ਦੇ ਜੀ।
ਬਿੰਦਰ ਸਿਆਂ ਮੌਤ ਦੇ ਮੌਸਮਾਂ ਵਿਚ
ਵੱਟ ਨਿਕਲ ਜਾਂਦੇ ਮੇਰ ਤੇਰ ਦੇ ਜੀ।

Gradually the past was got fading,
when the cycles of morning and evening started.
They would eat one meal and
start worrying about the next.
When one is worried about the next moment,
then how can one care about surroundings.
Bindar Singh in the seasons of death,
all hassels of mine and thine go away.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

98 ਵੱਸਦੇ ਸ਼ਹਿਰ ਉੱਜੜ ਸੁੰਨਸਾਨ ਹੋਏ
ਕੋਈ ਪਿੰਡ ਮਲਬੇ ਦਾ ਢੇਰ ਹੋਇਆ।
ਖ਼ੌਫ਼ ਮਨੋਂ ਭੁਲਾਕੇ ਰੱਬ ਵਾਲ਼ਾ
ਉੱਜੜੇ ਜਾਂਦਿਆਂ ਤੇ ਹਰ ਕੋਈ ਸ਼ੇਰ ਹੋਇਆ।
ਬੱਚਾ, ਬੁੱਢਾ ਬਿਮਾਰ ਵੀ ਬਖ਼ਸ਼ਿਆ ਨਾ
ਮਾਰ ਸੁੱਟਿਆ ਜੋ ਵੀ ਘੇਰ ਹੋਇਆ।
ਕਿਰਪਾ ਗੁਰੂ ਦੀ ਨਾਲ਼ ਇਮਤਿਹਾਨ ਵਿੱਚੋਂ
ਪਾਸ ਕੋਟਲਾ ਇਕ ਮਲੇਰ ਹੋਇਆ।

Thriving cities turned into ruins,
some village became mound of rubble.
Forgetting the fear of god,
everyone pounced upon the displaced ones.
Even the child, old and sick were not spared,
was killed who was entrapped.
With the grace of Guru,
only Maler Kotla passed the test.

99 ਜਿਹੜੇ ਤੁਰ ਗਏ ਸ਼ਾਇਦ ਹੋਣ ਰਾਜ਼ੀ
ਵਖਤ ਪੈ ਗਿਆ ਪਿੱਛੇ ਰਹਿੰਦਿਆਂ ਨੂੰ।
ਯਾਦ ਰਹੇ ਸਤਾਉਂਦੀ ਵਿੱਛੜਿਆਂ ਦੀ
ਨਿੱਤ ਸੌਂਦਿਆਂ ਉੱਠਦਿਆਂ ਬਹਿੰਦਿਆਂ ਨੂੰ।
ਫੱਟ ਸਹਿਣ ਦੀ ਕਲਾ ਵੀ ਸਿੱਖ ਲੀਤੀ
ਜਰਨਾ ਸਿੱਖ ਲਿਆ ਬੁਰਾ ਭਲਾ ਕਹਿੰਦਿਆਂ ਨੂੰ।
ਬਿੰਦਰ ਸਿਆਂ ਜੇ ਰੱਬ ਦੀ ਮਿਹਰ ਹੋਵੇ
ਬੰਦਾ ਸਿੱਝ ਲੈਂਦੈ ਚੜ੍ਹਦਿਆਂ ਲਹਿੰਦਿਆਂ ਨੂੰ।

Those who moved may be living in peace,
it was calamity for who stayed back.
The memories of separated ones were tormenting
ever, while sleeping, arising and sitting.
They learnt the art of bearing wounds,
became tolerant to the taunts.
Binder Singh if god is benevolent,
one can tackle the rises and falls.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 24 ਮੁੜ ਵਸੇਬੇ ਤੋਂ ਬਾਅਦ

100 ਹੌਲ਼ੀ ਹੌਲ਼ੀ ਸਮੇਂ ਨੇ ਮੋੜ ਕੱਟਿਆ
ਲੋਕੀ ਵੱਸਦੇ ਵੱਸਦੇ ਵੱਸਣ ਲੱਗੇ।
ਲੈਅ ਫੜ ਲਈ ਮੁੜ ਕੇ ਜ਼ਿੰਦਗੀ ਨੇ
ਰਸ ਖ਼ੁਸ਼ੀਆਂ ਦੇ ਅੰਦਰੀਂ ਰਸਣ ਲੱਗੇ।
ਪੀਲੇ ਜ਼ਰਦ ਤੇ ਦੁਖੀ ਉਦਾਸ ਚਿਹਰੇ
ਖੇੜੇ ਵਿਚ ਆਕੇ ਖਿੜਨ ਤੇ ਹੱਸਣ ਲੱਗੇ।
ਬਿੰਦਰ ਸਿਆਂ ਮੁੜ ਸਿਰ ਹੋਏ ਉੱਚੇ
ਮੋਢੇ ਮੋਢਿਆਂ ਨਾਲ ਫਿਰ ਘਸਣ ਲੱਗੇ।

## 24 After Rehablitation

Slowly and steadily time took a turn
People started gradually settling down.
Once again life picked up the rhythm,
and absorbing the sweetness of joys.
Pale, sad and sorrowful faces,
Began to smile and bloom.
Bindar Singh once again the heads were
raised and shoulders started rubbing.

101 ਜਦੋਂ ਆਣ ਰਫ਼ਿਊਜੀਆਂ ਲਾਏ ਡੇਰੇ
ਪਹਿਲਾਂ ਵੱਸਦੇ ਲੋਕੀ ਤੰਗ ਹੋਏ।
ਬੋਲ ਚਾਲ ਤੇ ਖਾਣ ਪਹਿਣ ਵੱਖਰੇ
ਚਾਲ ਢਾਲ ਦੇਖ ਲੋਕੀ ਦੰਗ ਹੋਏ।
ਦੇਖ ਆਏ ਸੀ ਨ੍ਹੇਰ ਜੋ ਸੱਭਤਾ ਦਾ
ਝੂਠ ਬੋਲਣੇ ਚ ਉਹ ਵੀ ਨਿਸ਼ੰਗ ਹੋਏ।
ਬਿੰਦਰ ਸਿਆਂ ਕੀ ਉਜਾੜੂ ਕੋਈ ਉੱਜੜਿਆਂ ਨੂੰ
ਇਹ ਸੋਚ ਕੇ ਹੋਰ ਮਲੰਗ ਹੋਏ।

When refugees came and settled in their hamlets,
already settled people were troubled.
Speaking and eating habits were different,
locals were amaged seeing their conduct.
Those who had seen the darkness of civilization,
they lost their inhibitions to tell lies.
Bindar Singh how any one can uproot the uprooted,
this thought made them more carefree.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

102 ਵਿਚ ਸ਼ਹਿਰਾਂ ਦੇ ਪਾਈਆਂ ਆਣ ਹੱਟੀਆਂ
ਉਧਰੋਂ ਆਇਆਂ ਵਪਾਰੀਆਂ ਭਾਪਿਆਂ ਨੇ।
ਲੋਕਲ ਬਾਣੀਆਂ ਨੂੰ ਬੜੀ ਔਖ ਹੋਈ
ਲੁੱਟਿਆ ਗਾਹਕਾਂ ਨੂੰ ਜਿਨ੍ਹਾਂ ਕਲਾਪਿਆਂ ਨੇ।
ਉੱਧਰ ਗਿਆਂ ਨੂੰ ਮੁਹਾਜ਼ਿਰ ਕਹਿਣ ਲੱਗੇ
ਆਪਣੇ ਕਿਹਾ ਨਾ ਲੋਕੀ ਸੰਤਾਪਿਆਂ ਨੇ।
ਬਿੰਦਰ ਸਿਆਂ ਅਜੇ ਪਿਛਲੇ ਨਹੀਂ ਭੁੱਲੇ
ਲੋਕੀ ਘੇਰਲੇ ਨਵੇਂ ਸਿਆਪਿਆਂ ਨੇ।

The *Bhapas* traders who came from other side,
opened up their shops in the cities.
Local *Banias* got very upset,
who had looted the customers single-handedly.
Those who went `there' were labeled *Mohajirs*,
were not owned by agonized people.
Bindar Singh they have not yet forgotten the past,
people got entrapped in new problems.

103 ਵਿੱਚੋਂ ਵਿੱਚੀ ਇਹ ਗੱਲ ਵੀ ਤੁਰਨ ਲੱਗੀ
ਖ਼ਤਮ ਨਿੱਤ ਦਾ ਕਰੋ ਕਲੇਸ਼ ਸਾਡਾ।
ਸਿਆਸਤ ਵਣਜ ਦੇ ਝਗੜੇ ਨਿੱਤ ਰਹਿਣੇ
ਵੱਖਰੇ ਧਰਮ ਦਾ ਰੌਲ਼ਾ ਹਮੇਸ਼ ਸਾਡਾ।
ਅਸੀਂ ਨਹੀਂ ਜੇ ਹਿੰਦੂਆਂ ਨਾਲ ਰਹਿਣਾ।
ਸਾਨੂੰ ਦੇ ਦਿਓ ਹਿੱਸਾ ਵਿਸ਼ੇਸ਼ ਸਾਡਾ।
ਮਾਣੀਏ ਅਸੀਂ ਵੀ ਨਿੱਘ ਆਜ਼ਾਦੀਆਂ ਦਾ
ਬਿੰਦਰ ਸਿਆਂ ਸਾਨੂੰ ਵੰਡ ਦਿਓ ਦੇਸ਼ ਸਾਡਾ।

People started discussing in inner circles,
let's put an end to this daily conflict.
The conflicts over politics and commerce are our daily
routine, fight over different religion is perennial.
We are not going to stay with Hindus,
give us our special share.
Let us enjoy the warmth of freedom.
Bindar Singh divide and give us our country.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

## 25 ਇਨਸਾਨੀਅਤ ਤੇ ਰੂਹਾਨੀਅਤ

104 ਅੰਦਰ ਵੱਸ ਗਈ ਵਾਦੀ ਵੰਡੀਆਂ ਦੀ
ਏਕਾ ਭੁੱਲ ਕੇ ਅਸੀਂ ਅਨੇਕ ਹੋਏ।
ਟਿਕ ਕੇ ਬੈਠੀਏ ਸਕੇ ਭਰਾ ਬਣ ਕੇ
ਦਿਲਾਂ ਅੰਦਰ ਜੇ ਸਾਡੇ ਟੇਕ ਹੋਏ।
ਨੇਕੀ ਨਜ਼ਰ ਆਵੇ ਸਾਰੇ ਜੱਗ ਅੰਦਰ
ਜੇਕਰ ਆਪਣੀ ਨੀਅਤ ਨੇਕ ਹੋਏ।
ਬਿੰਦਰ ਸਿਆਂ ਉਹਨੂੰ ਖ਼ੌਫ਼ ਨਹੀਂ ਸੰਸਿਆਂ ਦਾ
ਹੱਕ ਸੱਚ ਤੇ ਜਿਸ ਦੀ ਟੇਕ ਹੋਏ।

## 25 Humanism and Spiritualism

Habit of divisions has settled in our minds,
forgetting oneness, we became many.
We may sit like real brothers,
if we have peace in our hearts.
One sees goodness in the whole world,
if one's own intention is good.
Bindar Singh, one does not have fear and doubts,
who follows the path of justice and truth.

105 ਅਸੀਂ ਭੁੱਲ ਕੇ ਪੁੱਠੇ ਰਾਹ ਪੈਗੇ
ਗਾਡੀ ਰਾਹ ਸੀ ਸਾਡਾ ਇਨਸਾਨੀਅਤ ਦਾ।
ਸਾਡੀ ਰੂਹ ਨੂੰ ਚੰਬੜਿਆ ਭੂਤ ਬਣ ਕੇ
ਮਾੜਾ ਅਸਰ ਫ਼ਿਰਕੂ ਹੈਵਾਨੀਅਤ ਦਾ।
ਧਰਮ ਕਰਮ ਤੇ ਮਜ਼੍ਹਬ ਦਾ ਨਹੀਂ ਝਗੜਾ
ਵਿਰਸਾ ਸਾਡਾ ਸੀ ਸਾਂਝੀ ਰੂਹਾਨੀਅਤ ਦਾ।
ਬਿੰਦਰ ਸਿਆਂ ਕਿਵੇਂ ਦਿਲਾਂ ਵਿਚ ਰੱਬ ਵਸੇ
ਜਿੱਥੇ ਵਾਸਾ ਹੈ ਨਿਰੀ ਸ਼ੈਤਾਨੀਅਤ ਦਾ।

We have strayed into wrong path,
our highway was of humanness.
Our soul has been possessed,
by the monster of communalism.
It is not the clash of religion, action or community,
our heritage was of common spirituality.
Bindar Singh how god may reside in those hearts,
where only Satan dwells.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

106 ਏਕਮ ਕਾਰ ਤੋਂ ਸਾਡੀ ਸ਼ੁਰੂਆਤ ਹੋਈ
ਅਸੀਂ ਹੋਈ ਜਾਂਦੇ ਵੱਖਰੇ ਵੱਖਰੇ ਜੀ।
ਵੰਡੀਆਂ ਏਕੇ ਦੇ ਨਾ ਤੇ ਪਾਈ ਜਾਈਏ
ਏਹ ਗੱਲ ਨਾ ਕਿਸੇ ਨੂੰ ਅੱਖਰੇ ਜੀ।
ਇਕ ਸੇਰ ਹੋ ਗੱਲ ਜੇ ਕਰੇ ਕੋਈ
ਅੱਗੋਂ ਸਵਾ ਸੇਰ ਦੂਜਾ ਟੱਕਰੇ ਜੀ।
ਬਿੰਦਰ ਸਿਆਂ ਖ਼ਾਤਰ ਏਕਤਾ ਦੇ
ਇਕ ਦੂਜੇ ਦੇ ਕਰਦੇ ਡੱਕਰੇ ਜੀ।

Our origin is from oneness,
we are getting ever divided.
We divide in the name of unity,
nobody takes notice of it.
If one puts up a challenge, the other
counter challenges in double measures.
Bindar Singh in the name of unity,
they cut each other into pieces.

107 ਆਦਿ ਕਾਲ ਤੋਂ ਇੱਕੋ ਸਬਕ ਦਿੱਤਾ
ਸਾਡੇ ਪੁਰਖਿਆਂ ਸਾਨੂੰ ਸਾਰਿਆਂ ਨੂੰ।
ਸਦਾ ਨਾਲ ਮਿਠਾਸ ਦੇ ਸਾਫ਼ ਕਰੀਏ
ਲੱਗੇ ਦਿਲਾਂ ਤੇ ਜ਼ਖ਼ਮਾਂ ਖਾਰਿਆਂ ਨੂੰ।
ਓਨੀ ਦੇਰ ਨੀ ਸੁਖ ਤੇ ਚੈਨ ਆਉਣਾ
ਸਾਨੂੰ ਆਪਣੇ ਹੀ ਹੱਥੋਂ ਹਾਰਿਆਂ ਨੂੰ।
ਬਿੰਦਰ ਸਿਆਂ ਜਿੰਨੀ ਦੇਰ ਨੀ ਦੂਰ ਕਰਦੇ
ਦਿਲਾਂ ਮਨਾਂ ਦੇ ਵਿੱਚੋਂ ਵਟਵਾਰਿਆਂ ਨੂੰ।

One lesson was given from the beginning,
to us all by our ancestors.
Always clean with the sweetness,
the bitter wounds of hearts.
We may not get peace and comfort,
we the defeated by our own selves.
Binder Singh, till we do not remove
the partitions from hearts and minds.


Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

108 ਕਿਵੇਂ ਦੂਰੀਆਂ ਨੂੰ ਨਜ਼ਦੀਕ ਕਰੀਏ
ਪਾਰ ਕਰਕੇ ਵਖਤ ਦੇ ਧਾਰਿਆਂ ਨੂੰ।
ਰੋਗੀ ਮਨਾਂ ਦਾ ਕੀ ਇਲਾਜ ਕਰੀਏ
ਢਾਰਸ ਦੇਈਏ ਕੀ ਵਖਤ ਦੇ ਮਾਰਿਆਂ ਨੂੰ।
ਅੰਦਰ ਵਗਣ ਦਰਿਆ ਮੁਹੱਬਤਾਂ ਦੇ
ਆਪੇ ਜੋੜ ਦੇਂਦੇ ਦੂਰ ਕਿਨਾਰਿਆਂ ਨੂੰ।
ਬਿੰਦਰ ਸਿਆਂ ਝੰਗ ਸਿਆਲ ਕਿੱਥੇ
ਲੱਭਦੇ ਬਿਨਾਂ ਛੱਡੇ ਤਖ਼ਤ ਹਜਾਰਿਆਂ ਨੂੰ।

How to replace the distances with closeness
by crossing the tides of time.
How to heal the sick minds,
how to console the victims of time.
When rivers of love flow within,
they inevitably connect the distant shores.
Binder Singh one cannot find destination (Jhang Sial),
without leaving the home (Takhat Hazra).

109 ਟੋਟੇ ਟੋਟੇ ਹੋਏ ਸਾਡੀਆਂ ਹਸਤੀਆਂ ਦੇ
ਦਿਲਾਂ, ਬੋਲਾਂ ਤੇ ਮੂੰਹਾਂ ਦੀ ਏਕਤਾ ਨੀ।
ਪਾਣੀ ਬਣ ਜਾਂਦੇ ਕਾਰਨ ਵੰਡੀਆਂ ਦੇ
ਜਦ ਬੱਦਲਾਂ, ਨਦੀਆਂ ਤੇ ਖੂਹਾਂ ਦੀ ਏਕਤਾ ਨੀ।
ਸਰਹੱਦਾਂ, ਮੋਰਚੇ ਖੇਤਾਂ ਵਿਚ ਉੱਗ ਆਉਂਦੇ
ਜਿੱਥੇ ਦਿਲ ਦੀਆਂ ਜੂਹਾਂ ਦੀ ਏਕਤਾ ਨੀ।
ਬਿੰਦਰ ਸਿਆਂ ਨਾ ਅੰਦਰੋਂ ਜਾਣ ਵੰਡੀਆਂ
ਜਿੰਨੀ ਦੇਰ ਹੁੰਦੀ ਰੂਹਾਂ ਦੀ ਏਕਤਾ ਨੀ।

Our beings are fragmented,
there is no unity of hearts, words and mouths.
Waters become a cause of divisions,
where clouds, rivers and wells are not united.
Borders, trenches sprout up in the fields,
where boundaries of hearts do not meet.
Binder Singh divisions do not go from within,
unless souls do not become one.



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com

110 ਆਪ ਸੁਧਰੀਏ ਜੱਗ ਵੀ ਸੁਧਰ ਜਾਂਦਾ
ਜਦੋਂ ਚੱਲੀਏ ਨਾਲ ਪਿਆਰ ਦੇ ਜੀ।
ਏਸ ਜੱਗ ਦੀ ਸ਼ਕਲ ਵਿਗਾੜ ਤੁਰਗੇ
ਰਹੇ ਦੂਜਿਆਂ ਨੂੰ ਜੋ ਸੁਧਾਰਦੇ ਜੀ।
ਆਪਾ ਭੁੱਲ ਤੁਰੇ ਜੱਗ ਜਿੱਤਣੇ ਨੂੰ
ਦੇਖੇ ਕਈ ਸਿਕੰਦਰ ਹਾਰਦੇ ਜੀ।
ਬਿੰਦਰ ਸਿਆਂ ਉਹ ਹੀ ਅਸਲ ਯੋਧੇ
ਜਿਹੜੇ ਅੰਦਰੋਂ ਮੈਂ ਨੂੰ ਮਾਰਦੇ ਜੀ।

If we reform ourselves, the world gets reformed
when we move along with love.
This world has been defaced,
by those who has been trying to reform others.
Forgetting themselves who went to conquer the world,
have seen many, Alexanders getting defeated.
Binder Singh those are the real warriors,
who kill the ego from within.

111 ਅੰਤਰ ਖ਼ੋਜਿਆਂ ਆਖ਼ਰ ਲੱਭ ਜਾਂਦਾ
ਆਪੇ ਅੰਦਰੋਂ ਰਾਹ ਅਗੰਮ ਦਾ ਜੀ ।
ਲੱਖ ਯਤਨ ਚਾਹੇ ਬਾਹਰੇ ਬਾਹਰ ਕਰੀਏ
ਕਦੋਂ ਤੂਫ਼ਾਨ ਅੰਦਰਲਾ ਥੰਮ੍ਹਦਾ ਜੀ।
ਜਿੰਨਾ ਮਰਜ਼ੀ ਸਾਂਭ ਸੰਭਾਲ ਰੱਖੀਏ
ਬਿਨਾਂ ਜਾਗ ਦੇ ਦੁੱਧ ਨਾ ਜੰਮਦਾ ਜੀ ।
ਬਿੰਦਰ ਸਿਆਂ ਇੱਕ ਆਤਮ ਗਿਆਨ ਵਾਝੋਂ
ਹੋਰ ਗਿਆਨ ਨਾ ਕੋਈ ਕਿਸੇ ਕੰਮ ਦਾ ਜੀ।

Through inner search, one finds
the way to the unfathomable.
Though try million times outside,
when does the inner storm rest?
Though you take lot of care,
milk does not curdle without the curd.
Binder Singh without knowledge of self,
all other knowledge is useless.


Sri Satguru Jagjit Singh Ji eLibrary NamdhariElibrary@gmail.com

**Note:** The pictures used in this book have been taken from different sites. It is very difficult to determine that at which website the particular picture was first uploaded. So, we are extremely thankful to all the institutions/persons who have uploaded these pictures.

ਨੋਟ: ਇਸ ਕਿਤਾਬ ਵਿਚ ਤਸਵੀਰਾਂ ਵੱਖ-ਵੱਖ ਸਾਇਟਾਂ ਤੋਂ ਲਈਆਂ ਗਈਆਂ ਹਨ। ਇਹ ਤੈਅ ਕਰਨਾ ਮੁਸ਼ਕਲ ਹੈ ਕਿ ਕਿਸ ਵੈਬ ਸਾਈਟ ਤੇ ਸਭ ਤੋਂ ਪਹਿਲਾਂ ਕੋਈ ਤਸਵੀਰ ਅੱਪਲੋਡ ਕੀਤੀ ਗਈ। ਇਸ ਲਈ ਸਾਰੇ ਹੀ ਤਸਵੀਰਾਂ ਅੱਪਲੋਡ ਕਰਨ ਵਾਲੇ ਵਿਅਕਤੀਆਂ/ਅਦਾਰਿਆਂ ਦਾ ਬਹੁਤ ਬਹੁਤ ਧੰਨਵਾਦ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



Dr Kumool Abbi is Prof Dept. of Sociology and Director Population Research Centre Panjab University Chandigarh. Her areas of interest include Globalization, Punjabi Society and Sociology of literature.

English translation of Vandnama is being presented here,it is a document of pain and suffering of the partition of Punjab. The partition which divided the earth, sky, air and waters outwardly and hearts, minds and souls inwardly, was absolutely unnecessary, untimely and ruthless. Its wound and pain is very deep in hearts of all Punjabis, incidentally, it has found an expression through me in the form of words.

Human mind has always been divided between darkness and light from the beginning. This is a division whichseparates itself from others, mankind and God by taking the forms of egos, nations, religions, countries and communities. But it is also true that hatred, division and war are always short lived than love, peace and unity, provided we keep love, peace and unity alive in our hearts.

It is important that the darkness that divides the minds, must be seen through the light of consciousness. Vandnama and its translation is a humble attempt in this direction.

Sri Satguru Jagjit Singh Ji eLibrary NamdhariElibrary@gmail.com

In his long poem *Vandnama* he traces the beginning of the rift that pitted Muslims against Hindus and Hindus against Sikhs and so on. ---- It is an account of the times when we failed ourselves ---- and how leaders deserted their people when it was time to lead --- How people set out on journeys across the borders, carrying enormous burden.

**The Tribune, 17 September 2017**

The most painful and emotional account of the first Anglo-Sikh war was penned by Punjabi poet Shah Mohammad and is known as *Jangnama*. Harvinder Singh Bhatti, has brought out *Vandnama*, written in the style of the late poet that brings alive the travails of those innocent Punjabis who were killed or uprooted in the wake of the Partition.

**Hindustan Times, 27July 2017**

ਇਸ ਕਤਲੋਗਾਰਤ ਨੂੰ ਬਹੁਤ ਸਾਰੇ ਸਾਹਿਤਕਾਰਾਂ ਨੇ ਕਲਮਬੰਦ ਕੀਤਾ ਹੈ ਪਰ ਡਾ. ਹਰਵਿੰਦਰ ਸਿੰਘ ਭੱਟੀ ਨੇ ਇਸ ਦਾਸਤਾਨ ਨੂੰ 'ਬਿੰਦਰ ਸਿੰਹੁ' ਦੇ ਰੂਪ ਵਿੱਚ ਬਾਖ਼ੂਬੀ ਬਿਆਨ ਕੀਤਾ ਹੈ ----ਤਾਂ ਕਿ ਇਸ ਦੁਖਾਂਤ ਤੋਂ ਸਬਕ ਲਿਆ ਜਾਵੇ ਤੇਫਿਰ ਕਦੇ ਵੀ ਅਜਿਹਾ ਦੁਖਾਂਤ ਨਾ ਵਾਪਰੇ।

**ਰੋਜਾਨਾ ਅਜੀਤ, 11 ਮਾਰਚ 2017**

ਇਤਿਹਾਸਿਕ ਘਟਨਾਵਾਂ ਨੂੰ ਕਵਿਤਾ ਰਾਹੀਂ ਲੋਕ ਮੁਹਾਵਰੇ 'ਚ ਪੇਸ਼ ਕਰਨਾ ਸਿਰੜ ਵਾਲਾ ਕੰਮ ਹੈ। ਦੇਸ਼ ਵੰਡ ਦਾ ਸ਼ਿਕਾਰ ਹੋਏ ਲੋਕਾਂ ਨਾਲ 'ਪਹਾਨਗੀਰ', ਬਾਗੀਏ, ਝਾਂਗੀ, ਭਾਊ ਅਤੇ ਰਫਿਊਜੀ ਸ਼ਬਦ ਜੁੜਨ ਦੇ ਦਰਦ ਨੇ ਕਵੀ ਨੂੰ ਵੰਡਨਾਮਾ ਲਿਖਣ ਲਈ ਮਜਬੂਰ ਕੀਤਾ ਹੈ। ਪੁਸਤਕ 'ਚ ਸਿਰਫ ਵੰਡ ਦੇ ਦਰਦ ਨੂੰ ਹੀ ਨਹੀ ਬਿਆਨਿਆ ਗਿਆ ਸਗੋਂ ਪੰਜਾਬ ਦੇ ਗੌਰਵ ਤੇ ਇਸਦੇ ਨਿਵੇਕਲੇਪਨ ਦੀ ਗਾਥਾ ਵੀ ਬਿਆਨੀ ਹੈ।

**ਪੰਜਾਬੀ ਜਾਗਰਣ, 26 ਫਰਵਰੀ 2017**

ਪੁਸਤਕ ਵੰਡਨਾਮਾ ਵਿੱਚ 1947 ਦੀ ਵੰਡ ਨੂੰ ਬਹੁਤ ਹੀ ਸੰਵੇਦਨਸ਼ੀਲ ਤਰੀਕੇ ਨਾਲ ਨਾਲ ਰੂਪਮਾਨ ਕੀਤਾ ਗਿਆ ਹੈ। ਇਹ ਪੰਜਾਬੀਆਂ ਦਾ ਸਾਂਝਾ ਦਰਦ ਹੈ। ਇਸ ਕਿਤਾਬ ਦੀ ਇਸ ਪੱਖ ਤੋਂ ਕਾਫੀ ਅਹਿਮੀਅਤ ਹੈ। ਪ੍ਰੋ. ਭੱਟੀ ਨੇ ਅਦਾਰਾ ਪੰਜਾਬ ਟਾਈਮਜ਼ ਨੂੰ ਇਹ ਇਜਾਜ਼ਤ ਦਿੱਤੀ ਹੈ ਕਿ ਇਸ ਪੁਸਤਕ ਨੂੰ ਲੜੀਵਾਰ ਪਾਠਕਾਂ ਦੇ ਸਨਮੁਖ ਪੇਸ਼ ਕੀਤਾ ਜਾਵੇ।

**ਪੰਜਾਬ ਟਾਈਮਜ਼,ਜਨਵਰੀ 2017**

ਇਸ ਕਾਵਿ ਸੰਗ੍ਰਹਿ ਵਿੱਚ 47 ਦੀ ਤਰਾਸਦੀ ਨੂੰ ਇਤਿਹਾਸਕ ਸੰਦਰਭ ਵਿੱਚ ਚਿਤਰਿਆ ਗਿਆ ਹੈ।

**ਨਵਾਂ ਜ਼ਮਾਨਾ, 20 ਨਵੰਬਰ 2016**

ਵੰਡਨਾਮਾ ਪੁਸਤਕ ਕਾਵਿਕ ਰੂਪ ਵਿੱਚ ਪੰਜਾਬ ਦੀ ਸਮਾਜਿਕ ਸਥਿਤੀ ਤੇ ਇਤਿਹਾਸਕ ਪ੍ਰਭਾਵ ਨੂੰ ਸਰਲ, ਸੰਖੇਪ ਤੇ ਲੜੀਵਾਰ ਰੂਪ ਵਿੱਚ ਵਰਨਣ ਕਰਦੀ ਹੈ।

**ਪੰਜਾਬੀ ਅਖਬਾਰ,ਆਸਟ੍ਰੇਲੀਆ, ਮਈ 2016**

ਬੇਕਸੂਰ ਲੋਕਾਂ ਦੇ ਦਰਦ ਦੀ ਦਾਸਤਾਨ

**ਜਾਗੋ ਇੰਟਰਨੈਸ਼ਨਲ, 2015**

Forever Learning

ISBN 978-93-5205-721-4

9 789352 057214

www.unistarbooks.com ₹ 695/-

Sri Satguru Jagjit Singh Ji eLibrary NamdhariElibrary@gmail.com